ੴ ਵਾਹਿਗੁਰੂ ਜੀ ਕੀ ਫਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥

(2)

# ਸੂਰਾ

ਪਟਿਆਲਾ

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਅਖੰਡ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

ਮਾਸਕ ਪੱਤਰ

www.AKJ.Org

# ਲੇਖ--ਸੂਚੀ


| ਨੰਬਰ ਲੇਖ | ਪੰਨਾ | ਲਿਖਕ |
|---|---|---|
| ੧. ਗੁਰੂ ਗੋਬਿੰਦ ਸਿੰਘ ਜੀ | ੪ | ਸਕੜ੍ਹ ਗੁਰੂ ਨਾਨਕ ਸਤਿਸੰਗ ਸਭਾ ਸਿੰਘਾ ਪੁਰ |
| ੨ ਨਾਮ ਦੀ ਮਹਿਮਾਂ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. ਗੁਰਸਿਖ ਜਤੀ | ੧੧ | ਭਾਈ ਮਾਲਿਕ ਸਿੰਘ ਜੀ ਕਾਨਪੁਰ |
| ੪. ਗੁਰਸਿਖ ਕੌਣ ਹੈ ? | ੧੭ | ਭਾਈ ਮਨਮੋਹਨ ਸਿੰਘ ਜੀ ਜੈ ਪੁਰ |
| ੫. ਡਿਠੇ ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੨੧ | ਭਾਈ ਸੁਰਜਨ ਸਿੰਘ ਜੀ ਗੁਜਰਵਾਲ |
| ੬. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੨੩ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੭. ਇਕੋ ਇਕ ਸਹੀ ਅਰਥ | ੨੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੮ ਕੀ ਗੁਰਮਤਿ ਇਕ ਸਾਇੰਟੇਫਿਕ ਧਰਮ ਹੈ ? | ੩੧ | ਮਾ: ਗੁਰਮੁਖ ਸਿੰਘ ਜੀ ਐਮ. ਏ. ਪਟਿਆਲਾ |
| ੯. ਅਖੰਡ ਕੀਰਤਨ ਸਮਾਗਮ | ੩੪ | ਅਖੰਡ ਕੀਰਤਨੀ ਜੱਥਾ ਜੰਮੂ |
| ੧੦. ਪੁਸਤਕਾਂ ਦੀ ਲਿਸਟ | ੩੬ | ਅਖੰਡ ਕੀਰਤਨੀ ਜੱਥਾ ਪਟਿਆਲਾ । |


## ਧੰਨਵਾਦ

ਜਿਹੜੇ ਸੁਹਿਰਦ ਸਜਣ ਮਾਸਕ ਪੱਤਰ 'ਸੂਰਾ' ਦੀ ਸਹਇਤਾ ਲਈ ਮਾਇਆ ਭੇਜ ਰਹੇ ਹਨ ਉਨ੍ਹਾਂ ਦਾ ਅਤੀ ਧੰਨਵਾਦ ਕੀਤਾ ਜਾਂਦਾ ਹੈ ਤੇ ਛਪੀ ਹੋਈ ਰਸੀਦ ਉਹਨਾਂ ਨੂੰ ਭੇਜ ਦਿਤੀ ਗਈ ਹੈ ।

ਪਰੰਤੂ ਕਿਸੇ ਕਾਰਨ ਨਾ ਮਿਲਨ ਤੇ ਮੈਨੇਜਰ ਸਾਹਿਬ ਨੂੰ ਤੁਰਤ ਹੀ ਚਿਠੀ ਪੱਤਰ ਲਿਖੋ ਤਾਂ ਕਿ ਸਾਡਾ ਹਿਸਾਬ ਠੀਕ ਰਹਿ ਸਕੇ ।

—ਐਡੀਟਰ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੧ ਭਾਦੋਂ-ਅਸੂ ੪੯੭ ਨਾਨਕਸ਼ਾਹੀ ਅੰਕ ਨੰ: ੯

ਅਸੁਨਿ ਆਉ ਪਿਰਾ, ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ, ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ, ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ॥
ਦਹਦਿਸਿ ਸਾਖ ਹਰੀ ਹਰੀਆਵਲ, ਸਹਿਜ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ ॥੧॥

(ਤੁਖਾਰੀ ਛੰਤ ਮਹਲਾ ੧ ਬਾਰਹਮਾਹ)

ਆਨਰੇਰੀ ਐਡੀਟਰ :-
ਮਨੋਹਰ ਸਿੰਘ

ਸਲਾਹਕਾਰ ਬੋਰਡ ;-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ।

ਸਤੰਬਰ ੧੯੬੬

www.AKJ.Org

## ਸ਼ਾਹਿ ਸ਼ਹਿਨਸ਼ਾਹ

# ਗੁਰੂ ਗੋਬਿੰਦ ਸਿੰਘ ਜੀ

(ਵਲੋਂ ਸਕੱਤ੍ਰ ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ ਸਿੰਘਾਪੁਰ)

ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿਤ੍ਰ ਜੀਵਨ ਵਲ ਕਿਸੇ ਪਾਸੇ ਤੋਂ ਵੀ ਗੌਹ ਕਰਕੇ ਤੱਕੀਏ ਕਮਾਲ ਹੀ ਕਮਾਲ ਭਰੀ ਪਈ ਹੈ। ਆਪ ਜੀ ਦੀ ਦੁਨੀਆਵੀ ਆਯੂ ਕੇਵਲ ੪੨ ਸਾਲ ਦੀ ਸੀ। ਇਸ ਛੋਟੀ ਜੇਹੀ ਆਯੂ ਵਿਚ ਆਪ ਜੀ ਨੇ ਜੋ ਜੋ ਕੰਮ ਕੀਤੇ, ਉਨ੍ਹਾਂ ਦੀ ਗਿਣਤੀ ਕਰਨੀ ਤਾਂ ਇਕ ਪਾਸੇ ਰਹੀ, ਅਸੀਂ ਉਸ ਦਾ ਅੰਸ਼ ਮਾਤ੍ਰ ਵੀ ਨਹੀਂ ਲਭ ਸਕਦੇ।

ਪਹਿਲੇ ਅਸੀਂ ਉਨਾ ਨੂੰ ਕਵੀ ਦੀ ਹੈਸੀਅਤ ਵਿਚ ਤਕਦੇ ਹਾਂ। ਆਪ ਜੀ ਦੀ ਰਚਨਾ ਨੂੰ ਪੜਦੇ ਹਾਂ ਤੇ ਰੋਮ ਰੋਮ ਹੁਲਾਰੇ ਵਿਚ ਆ ਜਾਂਦਾ ਹੈ।

ਜਦੋਂ ਵੀ ਆਪ ਜੀ ਨੇ ਬਾਣੀ ਉਚਾਰਨੀ ਹੁੰਦੀ ਸੀ ਤਾਂ ਲਿਖਾਰੀ ਨੂੰ ਹੁਕਮ ਹੁੰਦਾ ਸੀ ਕਿ ਜੋ ਅੱਖਰ ਮੂੰਹੋਂ ਨਿਕਲਨ ਲਿਖੀ ਜਾਣੇ ਹਨ ਤੇ ਆਪ ਅੰਤਰ ਧਿਆਨ ਹੋ ਜਾਇਆ ਕਰਦੇ ਸਨ। ਜਦੋਂ ਆਪ ਅਕਾਲ ਉਸਤਤ ਨਾਮੇ ਬਾਣੀ ਲਿਖਵਾ ਰਹੇ ਸਨ, ਲਿਖਾਂਦੇ ਲਿਖਾਂਦੇ ਜਦੋਂ ਆਪ ਜੀ ਨੇ ਉਚਾਰਿਆ–

'ਜਲੇ ਹਰੀ, (ਬਲੇ ਹਰੀ, ਉਰੇ ਹਰੀ, ਬਨੇ ਹਰੀ ਗਿਰੇ (ਪਹਾੜਾਂ ਵਿਚ) ਹਰੀ ਛਿਤੇ ਹਰੀ (ਧਰਤੀ ਵਿਚ) ਨਭੇ ਹਰੀ ਅਕਾਸ਼ ਵਿਚ ਵੀ ਹਰੀ ਹੈ)। ਈਹਾਂ ਹਰੀ ਊਹਾਂ ਹਰੀ ਜਿਮੀ ਹਰੀ, ਜਮਾਂ ਹਰੀ ਲਿਖਾਂਦੇ ਲਿਖਾਂਦੇ ਜਦੋਂ ਆਪ ਜੀ ਨੇ ਉਚਾਰਿਆ 'ਜਿਮੀ ਤੁਹੀ ਜਮਾਂ ਤੁਹੀ, ਮਕੀਂ ਤੁਹੀ ਮਕਾਂ ਤੁਹੀ, ਅਭੂ ਤੁਹੀ ਅਭੈ ਤੁਹੀ, ਅਛੂ ਤੁਹੀ ਅਛੈ ਤੁਹੀ, ਜਤਸ ਤੁਹੀ ਬ੍ਰਤਸ ਤੁਹੀ ਗਤਸ ਤੁਹੀ।

ਫਿਰ ਆਪ ਜੀ ਨੇ ਉਚਾਰਿਆ ਤੁਹੀ ਤੁਹੀ, ਤੁਹੀ ਤੁਹੀ, ਤੁਹੀ ਤੁਹੀ––ਆਪ ਤੁਹੀ ਤੁਹੀ ਉਚਾਰਦੇ ਉਚਾਰਦੇ ਗਏ ਤੇ ਲਿਖਾਰੀ ਲਿਖਦਾ ਗਿਆ। ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਆਪ ਦੀ ਸਮਾਧੀ ਤੁਹੀ ਤੁਹੀ ਦੀ ਧੁਨੀ ਤੋਂ ਖੁਲੀ ਤਾਂ ੩੨ ਸਫੇ ਯਾਨੀ ੧੬ ਪਤਰੇ, ਤੁਹੀ ਤੁਹੀ ਨਾਲ ਭਰੇ ਜਾ ਚੁਕੇ ਸਨ।

ਮਹਾਰਾਜ ਜੀ ਨੇ ਫੁਰਮਾਇਆ ਕਿ ਮੇਰੇ ਪਿਆਰੇ ਗੁਰਸਿਖਾਂ ਨੂੰ ਇਤਨੀ ਵਾਰੀ ਤੁਹੀ, ਤੁਹੀ ਪੜ੍ਹਨਾ ਮੁਸ਼ਕਿਲ ਹੋ ਜਾਵੇਗਾ, ਸੋ ਸਤਿਗੁਰਾਂ ਉਥੇ ੧੬ ਵਾਰੀ ਤੁਹੀ ਤੁਹੀ ਦਾ ਪਾਠ ਰਹਿਣ ਦਿਤਾ, ਬਾਕੀ ਕਟਵਾ ਦਿਤਾ। ਇਹ ਹੈ ਗੁਰੂ ਸਾਹਿਬਾਂ ਦੀ ਪ੍ਰਭੂ ਭਗਤੀ ਦੀ ਇਕ ਮਿਸਾਲ।

ਭਗਤੀ ਭਾਵ ਤੋਂ ਪਿਛੋਂ ਹੁਣ ਅਸੀਂ ਆਪ ਜੀ ਦੀ ਬੀਰਤਾ ਤੇ ਦਿਆਲਤਾ ਉਤੇ ਨਜ਼ਰ ਮਾਰਦੇ ਹਾਂ। ੭੦੦ ਸਾਲ ਦੀ ਜ਼ਾਲਮਾਨਾ ਮੁਗਲੀਆ ਹਕੂਮਤ ਜੜ੍ਹਾਂ ਤੋਂ ਪੁਟ ਕੇ ਰਖ ਦੇਣਾ ਇਹ ਆਪ ਜੀ ਦੀ ਦੂਰ ਅੰਦੇਸੀ, ਨਿਰਭੈਤਾ ਤੇ ਬਹਾਦਰੀ ਦਾ ਹੀ ਨਤੀਜਾ ਸੀ। ਇਤਿਹਾਸ ਗਵਾਹ ਹੈ ਕਿ ਆਪ ਜੀ ਦਾ ਇਕ ਇਕ ਤੀਰ ਚਾਰ, ਚਾਰ ਮੀਲਾਂ ਤਕ ਮਾਰ ਕਰਦਾ ਸੀ। ਸੰਗਤਾਂ ਨੇ ਜ਼ਫ਼ਰ ਨਾਮੇ ਦਾ ਨਾਮ ਸੁਣਿਆ ਹੋਣਾ ਹੈ ਇਹ ਪੱਤ੍ਰਕਾ ਦੀ ਸੂਰਤ ਵਿਚ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਲਿਖਿਆ ਜੀ



www.AKJ.Org

ਸੀ। ਜ਼ਫਰਨਾਮਾ ਫਤੇਹਨਾਮੇ ਨੂੰ ਕਹੀਦਾ ਹੈ। ਬਚੇ ਸ਼ਹੀਦ ਹੋ ਚੁਕੇ ਹਨ, ਪਿਆਰੇ ਸਿੰਘ ਵਿਛੜ ਚੁਕੇ ਹਨ, ਪ੍ਰਵਾਰ ਸਾਰਾ ਖੇਰੂੰ ਖੇਰੂੰ ਹੋ ਚੁਕਾ ਹੈ ਪਰ ਕਮਾਲ ਹੈ ਆਪ ਦੀ ਬਹਾਦਰੀ ਦੀ ਚੜ੍ਹਦੀ ਕਲਾ ਦੀ। ਆਪ ਫਤੇਹ ਨਾਮਾ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਦੇ:–

ਚਿਹ ਸ਼ੁਦ ਕਿ ਚੂੰ ਬਚੱਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦ ਅਸਤ ਪੇਚੀਦਹ ਮਾਰ।

ਐ ਔਰੰਗਜ਼ੇਬ–ਕੀ ਹੋਇਆ ਜੋ ਮੇਰੇ ਚਾਰ ਪੁਤਰ ਮਾਰੇ ਗਏ ਪਰ ਯਾਦ ਰਖ ਕਿ ਮੇਰਾ ਅਜੇ ਕੁੰਡਰੀਆ ਸਪ (ਖਾਲਸਾ) ਮੌਜੂਦ ਹੈ। ਵੇਖੋ ਕਿਤਨੀ ਨਿਰਭੈਤਾ ਹੈ ਕਿਤਨੀ ਨਿਡਰਤਾ ਹੈ। ਆਪ ਇਸੇ ਜ਼ਫ਼ਰਨਾਮੇ ਵਿਚ ਇਕ ਥਾਂ ਜੰਗ ਦੇ ਹਾਲਾਤ ਲਿਖਦੇ ਹੋਏ ਔਰੰਗਜ਼ੇਬ ਦੇ ਇਕ ਜਰਨੈਲ ਬਾਰੇ ਜੋ ਮਹਾਰਾਜ ਜੀ ਨੂੰ ਪਕੜ ਲਿਆਉਣ ਲਈ ਕਸਮ ਖਾ ਕੇ ਆਇਆ ਸੀ, ਪਰ ਤੀਰ ਦੀ ਤਾਬ ਨ ਲਿਆ ਸਕਨ ਕਰਕੇ ਕਿਲ੍ਹੇ ਦੀ ਕੰਧ ਪਿਛੇ ਲੁਕ ਗਿਆ ਸੀ। ਓਸ ਬਾਰੇ ਆਪ ਜ਼ਫਰਨਾਮੇ ਵਿਚ ਲਿਖਦੇ ਹਨ।

ਦਰੇਗ-ਅਗਰ ਰੁਏਓ ਦੀਦਮੇ। (ਦਰੇਗ-ਅਫ਼ਸੋਸ)
ਬਯਕ ਤੀਰ ਲਾਚਾਰ ਬਖਸੀਦਮੇ।

ਸਾਨੂੰ ਅਫਸੋਸ ਹੈ ਜੇ ਉਹ ਸਾਹਮਣੇ ਆ ਜਾਂਦਾ ਤਾਂ ਅਸੀਂ ਇਕ ਤੀਰ ਉਸਨੂੰ ਵੀ ਬਖਸ਼ ਦਿੰਦੇ। ਇਹ ਹੈ ਕਮਾਲ ਦੀ ਬਹਾਦਰੀ ਤੇ ਦਿਆਲਤਾ ਜੋ ਕਿ ਆਪ ਵਿਚ ਸੀ, ਜਿਸ ਦੀ ਹੋਰ ਮਿਸਾਲ ਮਿਲਨੀ ਅਸੰਭਵ ਹੈ–ਆਪ ਜੀ ਦੇ ਹਰ ਤੀਰ ਨਾਲ ਸਵਾ ਤੋਲਾ ਸੋਨਾ ਲਗਾ ਹੁੰਦਾ ਸੀ, ਜਿਸ ਦਾ ਭਾਵ ਇਹ ਹੁੰਦਾ ਸੀ ਕਿ ਤੀਰ ਨਾਲ ਜਿਸ ਦੀ ਮੌਤ ਹੋ ਜਾਵੇ ਉਸ ਦੇ ਪਰਵਾਰ ਨੂੰ ਸਹਾਇਤਾ ਮਿਲ ਸਕੇ ਤੇ ਜੋ ਜ਼ਖਮੀ ਹੋ ਜਾਵੇ ਉਸ ਦੀ ਮਰਹਮ ਪਟੀ ਹੋ ਸਕੇ। ਸਾਹਿਬਾਂ ਦੇ ਤੀਰ ਦਾ ਇਕ ਜੋੜਾ ਅਜੇ ਤਕ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੌਜੂਦ ਹੈ। ਰੋਜ਼ਾਨਾ ਸ਼ਾਮ ਨੂੰ ਰਹਿਰਾਸ ਦੇ ਭੋਗ ਤੋਂ ਉਪਰੰਤ ਉਥੇ ਸ਼ਸਤਰਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਉਹਨਾਂ ਵਿਚ ਉਹ ਤੀਰ ਵੀ ਸ਼ਾਮਲ ਹਨ। ਜਿਨ੍ਹਾਂ ਮਾਈ ਭਾਈ ਨੂੰ ਕਦੀ ਵੀ ਸ੍ਰੀ ਅੰਮ੍ਰਿਤਸਰ ਜਾਣ ਦਾ ਅਵਸਰ ਮਿਲੇ ਉਹ ਇਹਨਾਂ ਤੀਰਾਂ ਦੇ ਜ਼ਰੂਰ ਦਰਸ਼ਨ ਕਰਨ।

ਹੁਣ ਤੁਸੀਂ ਆਪ ਜੀ ਦੀ ਕੁਰਬਾਨੀ ਤੇ ਝਾਤ ਮਾਰੋ ਦੁਨੀਆਂ ਤੇ ਸ਼ਹੀਦਾਂ ਦੀ ਬੇਅੰਤ ਗਿਣਤੀ ਹੈ, ਕਿਸੇ ਨੇ ਅਪਨੇ ਸਰੀਰ ਦੀ ਕੁਰਬਾਨੀ ਦਿਤੀ, ਕਿਸੇ ਨੇ ਅਪਨਾ ਧਨ ਕੁਰਬਾਨ ਕੀਤਾ, ਕਿਸੇ ਨੇ ਆਪਣੀ ਜ਼ਿੰਦਗੀ ਲੋਕ ਸੇਵਾ ਲਈ ਅਰਪਣ ਕਰ ਦਿਤੀ, ਪਰ ਵਾਹ ਕਲਗੀਧਰ ਪਾਤਸ਼ਾਹ, ਆਪਨੇ ਸਾਰੀ ਉਮਰ ਅਨਾਥਾਂ ਤੇ ਮਜਲੂਮਾਂ ਲਈ ਘਾਲਣਾ ਘਾਲੀਆਂ, ਜਫਰ ਜਾਲੇ ਕਿਥੇ ਸ਼ਾਹੀ ਠਾਠ ਬਾਠ ਤੇ ਸ਼ਾਹੀ ਦਰਬਾਰ ਕਿਥੇ ਵਕਤ ਆਇਆ ਜਦੋਂ ਸਾਰੇ ਸਾਥੀ ਪਰਵਾਰ ਵਿਛੜ ਗਏ. ਪੈਰੀ ਜੁਤੀ ਵੀ ਨਹੀਂ ਰਹੀ ਜੰਗਲਾਂ ਵਿਚ ਵਿਚਰਦੇ ਕੰਡਿਆਂ ਨਾਲ ਸਰੀਰ ਵਿਚੋਂ ਲਹੂ ਨਿਕਲ ਰਿਹਾ ਹੈ। ਪਰ ਆਪ ਉਸੇ ਤਰਾਂ ਚੜ੍ਹਦੀ ਕਲਾਵਿਚ ਹਨ। ਸਾਰੀ ਦੁਨੀਆਂ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਫੋਲਕੇ ਵੇਖ ਲਵੋ ਆਪ ਜੀ ਦਾ ਸਾਨ੍ਹੀ ਕੋਈ ਸ਼ਹੀਦ ਨਹੀਂ ਮਿਲੇਗਾ ਜੋ ਆਪ ਸ਼ਹੀਦ-ਪਿਤਾ ਸ਼ਹੀਦ-ਮਾਤਾ ਸ਼ਹੀਦ ਚਾਰੇ ਸਾਹਿਬ-ਜ਼ਾਦੇ ਸ਼ਹੀਦ-ਇਹ ਕੇਵਲ ਆਪ ਜੀ ਦੇ ਹੀ ਹਿਸੇ ਆਇਆ ਹੈ।

ਕਹਿੰਦੇ ਹਨ, ਜਦੋਂ ਮੁਹੰਮਦ ਇਬਰਾਹੀਮ ਸਾਹਿਬ ਨੂੰ ਆਪਣੇ ਪੁਤਰ ਦੀ ਬਲੀ ਦੇਣ ਦਾ ਹੁਕਮ ਹੋਇਆ–ਪੁਤਰ ਨੂੰ ਪਟਾਂ ਤੇ ਪਾਇਆ ਤੇ ਹਥ ਵਿਚ ਛੁਰੀ ਫੜੀ–ਪਰ ਚਲਾਉਣ ਸਮੇਂ ਵੇਖ ਨ ਸਕੇ ਤੇ ਮੁਰੀਦਾਂ ਨੂੰ ਹੁਕਮ ਦਿਤਾ ਕਿ ਮੇਰੀਆ ਅਖਾਂ ਤੇ ਪਟੀ ਬੰਨ੍ਹ ਦਿਓ ਪਰ ਧਨ ਹਨ-ਕਲਗੀਧਰ ਪਿਤਾ ਤਕੋ, ਘਮਸਾਨ ਦਾ ਯੁਧ ਹੋ ਰਿਹਾ ਹੈ ਇਕ ਇਕ ਕਰਕੇ ਸਿੰਘ ਮੈਦਾਨੇ ਜੰਗ ਵਿਚ ਜੂਝ ਜੂਝ ਕੇ ਸੈਂਕੜਿਆਂ ਨੂੰ ਮਾਰਕੇ ਸ਼ਹੀਦੀਆਂ ਪਾ ਰਿਹਾ ਹੈ ਸ਼ਹਿਬਜ਼ਾਦਾ ਅਜੀਤ ਸਿੰਘ ਜੀ, ਜਿਹਨਾਂ ਦੀ ਉਮਰ ਕੇਵਲ ੧੧ ਸਾਲ ਦੀ ਹੈ,


www.AKJ.Org

ਪਿਤਾ ਜੀ ਪਾਸ ਪੁਜਦੇ ਹਨ, ਹਥ ਜੋੜਕੇ ਬੇਨਤੀ ਕਰਦੇ ਹਨ, ਪਿਤਾ ਜੀ ਹੁਕਮ ਦਿਓ ਮੇਰਾ ਵੀ ਆਪਣੇ ਵੀਰਾਂ ਨਾਲ ਧਰਮ ਯੁਧ ਵਿਚ ਸ਼ਾਮਲ ਹੋਣ ਨੂੰ ਜੀਅ ਕਰਦਾ ਹੈ–ਮਾਸੂਮ ਤੇ ਛੋਟੀ ਜਿਹੀ ਉਮਰ ਦੇ ਬਚੇ ਦੇ ਪਿਤਾ ਸੁਣਕੇ ਬੜੇ ਪ੍ਰਸੰਨ ਹੁੰਦੇ ਹਨ ਆਪਣੇ ਹਥੀਂ ਸ਼ਸਤਰ ਬਸਤਰ ਸਜਾਕੇ ਥਾਪੜਾ ਦੇਂਦੇ ਹਨ, ਪੁਤਰ ਨੂੰ ਹਥੀਂ ਮੈਦਾਨੇ ਜੰਗ ਵਿਚ ਟੋਰਦੇ ਹਨ।

ਆਪ ਉਪਰ ਅਟਾਰੀ ਤੇ ਬੈਠਕੇ ਸਾਹਿਬਜ਼ਾਦੇ ਦੇ ਬਹਾਦਰੀ ਦੇ ਕਰਤਵ ਵੇਖਦੇ ਹਨ ਜਦੋਂ ਸਾਹਿਬਜ਼ਾਦਾ ਵੈਰੀਆਂ ਨੂੰ ਵਾਹੋ ਦਾਹੀ ਚੀਰਦਾ ਅਗੇ ਵਧਦਾ ਹੈ ਤੇ ਬੜੀ ਬਹਾਦਰੀ ਨਾਲ ਵੈਰੀਆਂ ਦੇ ਵਾਰ ਨੂੰ ਰੋਕਦਾ ਹੈ ਤਾਂ ਮਹਾਰਾਜ ਵਾਹ ਅਜੀਤ ਸਿੰਘ ਵਾਹ ਅਜੀਤ ਸਿੰਘ ਕਰ ਉਠਦੇ ਹਨ– ਇਸ ਤਰਾਂ ਸਹਿਬਜ਼ਾਦਾ ਅਜੀਤ ਸਿੰਘ ਅਗੇ ਵਧਦਾ ਸੈਂਕੜੇ ਦੁਸ਼ਮਨਾਂ ਨੂੰ ਮੌਤ ਦੇ ਘਾਟ ਉਤਾਰਦਾ ਹੋਇਆ ਆਪ ਸ਼ਹੀਦ ਹੋ ਜਾਂਦਾ ਹੈ। ਅਜੀਤ ਸਿੰਘ ਦੀ ਸ਼ਹਾਦਤ ਤੋਂ ਪਿਛੋਂ ਛੋਟੇ ਸ਼ਾਹਿਜ਼ਾਦਾ, ਸਾਹਿਬ ਜੁਝਾਰ ਸਿੰਘ ਜੀ ਜਿਹਨਾਂ ਦੀ ਉਮਰ ਕੇਵਲ ੯ ਸਾਲ ਦੀ ਸੀ ਪਿਤਾ ਜੀ ਪਾਸ ਆਉਂਦੇ ਹਨ। ਘਮਸਾਨ ਦੀ ਜੰਗ ਹੋ ਰਹੀ ਹੈ। ਦੁਸ਼ਮਨ ਲਖਾਂ ਦੀ ਗਿਣਤੀ ਵਿਚ ਹੈ ਇਧਰ ਸਿਖਾਂ ਦੀ ਗਿਣਤੀ ਸ਼ਾਇਦ ਹੀ ਸੈਂਕੜਿਆਂ ਵਿਚ ਹੋਵੇ, ਐਸਾ ਭਿਅਨਕ ਸਮੇਂ ਜੰਗ ਵਿਚੋਂ ਬਚ ਕੇ ਆਉਣ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਵਾਹ ਕਲਗੀਧਰ ਪਾਤਸ਼ਾਹ ਦੂਜੇ ਸਪੁਤਰ ਨੂੰ ਵੀ ਥਾਪੜਾ ਦੇ ਕੇ ਅਪਣੇ ਹਥੀਂ ਸ਼ਸਤਰ ਬਸਤਰ ਸਜਾ ਕੇ ਮੈਦਾਨੇ ਜੰਗ ਵਿਚ ਟੋਰਦੇ ਹਨ। ਤੇ ਲਖਤੇ ਜਿਗਰ–ਨੂੰ ਆਪਣੇ ਸਾਹਮਣੇ ਸ਼ਹਾਦਤ ਪਾਉਂਦੇ ਵੇਖਕੇ ਖੁਸ਼ ਹੁੰਦੇ ਹਨ।

ਜਦੋਂ ਰਾਤ ਨੂੰ ਆਪ ਕਿਲੇ ਤੋਂ ਬਾਹਰ ਨਿਕਲਦੇ ਹਨ ਭਾਈ ਦਇਆ ਸਿੰਘ ਆਪ ਜੀ ਦੇ ਨਾਲ ਹਨ। ਕਿਸੇ ਚੀਜ਼ ਨਾਲ ਪੈਰ ਨੂੰ ਠੋਕਰ ਵਜਦੀ ਹੈ। ਉਧਰੋਂ ਉਸ ਵਕਤ ਬਦਲਾਂ ਵਿਚੋਂ ਬਿਜਲੀ ਲਿਸ਼ਕਾਰਾ ਮਾਰਦੀ ਹੈ ਤਾਂ ਕੀ ਵੇਖਦੇ ਹਨ ਕਿ ਸਾਹਿਬ ਅਜੀਤ ਸਿੰਘ ਦੀ ਲਾਸ਼ ਪਈ ਹੈ। ਭਾਈ ਦਇਆ ਸਿੰਘ ਜੀ ਸਾਹਿਬਜ਼ਾਦੇ ਦੀ ਲਾਸ਼ ਦੀ ਸੇਵਾ ਲਈ ਔਹੜਦੇ ਹਨ। ਪਰ ਕਲਗੀਧਰ ਪਾਤਸ਼ਾਹ ਭਾਈ ਦਇਆ ਸਿੰਘ ਦਾ ਹਥ ਪਕੜ ਕੇ ਕਹਿੰਦੇ ਹਨ। ਭਾਈ ਦਇਆ ਸਿੰਘ–ਸਾਰੇ ਸ਼ਹੀਦ ਮੇਰੇ ਪੁਤਰ ਹਨ ਜਿਥੇ ਬਾਕੀ ਸ਼ਹੀਦਾਂ ਦੀਆਂ ਲਾਸ਼ਾਂ ਮੈਦਾਨੇ ਜੰਗ ਵਿਚ ਪਈਆਂ ਹਨ ਅਜੀਤ ਤੇ ਜੁਝਾਰ ਦੀਆਂ ਲਾਸ਼ਾਂ ਵੀ ਉਥੇ ਤੇ ਉਸੇ ਤਰਾਂ ਹੀ ਪਈਆਂ ਹੋਣੀਆਂ ਚਾਹੀਦੀਆਂ ਹਨ। ਪੁਤਰਾਂ ਵਾਲਿਉ ਝਾਤੀ ਮਾਰੋ ਆਪਣੇ ਅੰਦਰ ਸਾਡੇ ਬਚੇ ਨੂੰ ਜ਼ਰਾ ਤਕਲੀਫ ਹੋਵੇ–ਰਾਤ ਨੀਂਦਰ ਨਹੀਂ ਆਉਂਦੀ ਪਰ ਧਨ ਹਨ ਕਲਗੀ-ਧਰ ਪਾਤਸ਼ਾਹ. ਜਿਹਨਾਂ ਨੇ ਨਿਕੀਆਂ ਨਿਕੀਆਂ ਜਿੰਦਾ ਸਾਡੀ ਖਾਤਰ ਅਖਾਂ ਸਾਹਮਣੇ ਨਿਛਾਵਰ ਕੀਤੀਆਂ ਤੇ ਖਾਲਸੇ ਵਲ ਇਸ਼ਾਰਾ ਕਰਕੇ ਕਿਹਾ : ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ ॥

ਜਦੋਂ ਮਹਾਰਾਜ ਜੀ ਖਾਲਸੇ ਦੀ ਸਾਜਨਾ ਕਰ ਰਹੇ ਸਨ। ਤਾਂ ਇਕ ਵਿਦਵਾਨ ਪੰਡਤ ਸਤਿਗੁਰਾਂ ਦੇ ਦਰਬਾਰ ਵਿਚ ਹਾਜ਼ਰ ਹੋਇਆ, ਦੋ ਹਥ ਜੋੜ ਕੇ ਬੇਨਤੀ ਕੀਤੀ, ਸਚੇ ਪਾਤਸ਼ਾਹ ਆਪ ਜੀ ਦਾ ਸਿਖ ਕੇਹੜੀ ਸ਼ਰੇਣੀ ਵਿਚ ਵਿਚਰੇਗਾ। ਕਿਉਂਕਿ ਉਸ ਵਕਤ ਹਿੰਦੂ ਜਨਤਾ ਚੌਹਾਂ ਸ਼ਰੇਣੀਆਂ ਵਿਚ ਵੰਡੀ ਹੋਈ ਸੀ। ਬ੍ਰਾਹਮਣ, ਖਤਰੀ, ਵੈਸ਼ ਅਤੇ ਸੂਦਰ। ਬਰਾਹਮਣ ਦਾ ਕੰਮ ਕੇਵਲ ਪਾਠ ਪੂਜਾ ਖਤਰੀ ਦਾ ਕੰਮ ਕੇਵਲ ਜੰਗ ਜੁਧ, ਵੈਸ ਦਾ ਕੰਮ ਸਿਰਫ ਦੁਕਾਨਦਾਰੀ ਤੇ ਸੂਦਰ ਦਾ ਕੰਮ ਕੇਵਲ ਗੰਦਗੀ ਚੁਕਣੀ, ਝਾੜੂ ਦੇਣਾ ਸਫਾਈ ਆਦਿ ਰਖਣੀ ਹੁੰਦੀ ਸੀ। ਸ੍ਰੀ ਗੁਰੂ ਮਹਾਰਾਜ ਜੀ ਨੇ ਜਲਾਲ ਵਿਚ ਆਕੇ ਉਤਰ ਦਿਤਾ। ਮੇਰਾ ਸਿਖ ਚਾਰੇ ਕੰਮ ਇਕਲਾ ਕਰੇਗਾ। ਉਹੋ ਸਿਖ

(ਬਾਕੀ ਸਫਾ ੩੫ ਤੇ)



www.AKJ.Org

# ਨਾਮ ਦੀ ਮਹਿਮਾਂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਨਾਮ ਦੀ ਮਹਿਮਾ ਅਪਰ ਅਪਾਰ ਹੈ, ਗੁਰੂ ਸਾਹਿਬ ਦੀ ਸਮਗ੍ਰ ਬਾਣੀ ਇਹੋ ਹੁਕਮ ਦਿੰਦੀ ਹੈ ਕਿ ਨਾਮ ਹੀ ਨਾਮ ਜਪੋ ! ਗੁਰਮਤਿ ਦਾ ਸਾਰਾ ਧੁਰਵਾ ਨਾਮ ਅਭਿਆਸ ਦੇ ਜਾਪ ਉਪਰ ਹੀ ਨਿਰਭਰ ਹੈ ਕੋਈ ਗੁਰਸ਼ਬਦ ਭੀ ਨਾਮ ਅਭਿਆਸ ਦੀ ਮਹਿਮਾ ਤੋਂ ਖਾਲੀ ਨਹੀਂ । ਗੁਰਬਾਣੀ ਦਾ ਹਰੇਕ ਸ਼ਬਦ ਨਾਮ ਜਪਣ ਦੀ ਮਹਿਮਾ ਨੂੰ ਪ੍ਰਗਟਾਉਂਦਾ ਹੈ । ਯਥਾ ਗੁਰ :–

ਆਸਾ ਮਹਲਾ ੪ ॥

ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥੧॥ ਨਾਮੁ ਜਪਹੁ ਗੁਰਮੁਖਿ ਪਰਗਾਸਾ ॥ ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੨॥ ਰਹਾਉ ॥ ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥੨॥ ਨਾਮ ਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥੩॥ ਆਪੇ ਥਾਪੇ ਥਾਪ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥੪॥ ੬॥੫੮॥

ਤਥਾ :–"ਫਿਰਿ ਇਆ ਅਉਸਰ ਚਰੈ ਨਾ ਹਾਥਾ ਨਾਮ ਜਪਹੁ ਹਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ।"

ਤਥਾ :–ਆਸਾ ਮਹਲਾ ੪ ॥ "ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥ ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥੧॥ ਨਾਮ ਜਪਹੁ ਮੇਰੇ ਗੁਰ ਸਿਖ ਮੀਤਾ ॥ ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮ ਰਖਹੁ ਗੁਰਮਤਿ ਮਨਿ ਚੀਤਾ ॥੧॥ ਰਹਾਉ ॥ ਨਾਮੋ ਨਾਮ ਸੁਣੀ ਮਨੁ ਸਰਸਾ ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ ॥੨॥ ਨਾਮ ਬਿਨਾ ਕੁਸਟੀ ਮੋਹੁ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ॥੩॥ ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥੮॥ ੬੦॥"

ਗਲ ਕੀ ਗੁਰਬਾਣੀ ਦਾ ਕੋਈ ਸਬਦ ਵੀ ਐਸਾ ਨਹੀਂ ਜੋ ਨਾਮ ਦੀ ਮਹਿਮਾ ਨ ਪਰਗਟਾਉਂਦਾ ਹੋਵੇ । ਗੁਰਬਾਣੀ ਇਹੋ ਹੁਕਮ ਦਿੰਦੀ ਹੈ ਕਿ ਨਾਮ ਹੀ ਨਾਮ ਜਪੋ । ਗੁਰਬਾਣੀ ਦਾ ਹਰ ਇਕ ਸਬਦ ਦ੍ਰਿੜਾਉਂਦਾ ਹੈ ਕਿ ਨਾਮ ਜਪਣਾ ਹੀ ਪੂਰਨ ਗੁਰਮਤਿ ਹੈ, ਐਸੇ ਅਨੇਕਾਂ ਪ੍ਰਮਾਣ ਦਿਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਕੇਵਲ ਨਾਮ ਹੀ ਨਾਮ ਦੀ ਮਹਿਮਾ ਪ੍ਰਸਿਧ ਹੁੰਦੀ ਹੈ । ਗੁਰਬਾਣੀ ਦਾ ਕੋਈ ਸਬਦ ਵੀ ਨਾਮ ਦੀ ਮਹਿਮਾ ਪ੍ਰਗਟਾਉਣ ਤੋਂ ਵਿਰਵਾ ਨਹੀਂ, ਗੁਰਬਾਣੀ ਦ੍ਰਿੜਾਉਂਦੀ ਹੈ ਕਿ ਤਤਿ ਗੁਰਮਤਿ ਹੀ ਨਾਲ ਜਪਣਾ ਹੈ । ਪ੍ਰੰਤੂ ਅਸਾਡੇ ਕਈ ਇਕ ਵੇਦਾਂਤ ਦੇ ਗਠੇ ਹੋਏ ਨਵੀਨ ਆਗੂ ਨਾਮ ਜਪਣ ਨੂੰ ਅਤੇ ਨਾਮ ਅਭਿਆਸ ਪ੍ਰਥਾਇ ਹਰੇਕ ਪ੍ਰਕਾਰ ਦੇ ਸੰਜਮ ਵਰਤਣ ਨੂੰ ਨਿਰਾ ਕਰਮ ਕਾਂਡ ਹੀ ਦਸਦੇ ਹਨ ਅਤੇ ਵੇਦਾਂਤ ਦੀ ਦਰਸਾਈ ਹੋਈ ਫੋਕਟ ਅਚਾਰਕ ਗੁੜ੍ਹਤੀ ਦਵਾਰਾ



www.AKJ.Org

ਪ੍ਰਗਟ ਹੋਇਆ ਨਾਮ ਉਨ੍ਹਾਂ ਦੀ ਮਨ ਮੰਨੀ ਹੋਈ ਸੁਨ-ਸਮਾਧ ਵਿਖੇ ਸ੍ਰਵਣ ਨਿਧਿਆਸਨ ਕਰਨਾ ਹੀ ਅਸਲ ਗੁਰਮਤਿ ਕਰਕੇ ਦਸਦੇ ਹਨ। ਮਾਨੋ ਕਿ ਵੇਦਾਂਤ ਦੀ ਫੋਕਟ ਕਸੌਟੀ ਵਰਤ ਕੇ ਹੀ ਨਾਮ ਉਤੇ ਫੋਕਾ ਚਾਨਣ ਪਾਂਦੇ ਹਨ, ਨਾਮ ਦੀ ਤਤਿ ਮਹਿਮਾ ਤੋਂ ਕਈ ਗੁਮਰਾਹ ਹੋ ਰਹੇ ਹਨ, ਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਪੱਕੀ ਗੁਰਮਤਿ ਜੋ ਨਿਰੋਲ ਨਾਮ ਜਪਣ ਨੂੰ ਹੀ ਸਿਧ ਕਰਦੀ ਹੈ ਉਸਨੂੰ ਉਹ ਮੰਨਦੇ ਹੀ ਨਹੀਂ। ਅਜਿਹੇ ਵੇਦਾਂਤ ਗ੍ਰਸੀਏ ਪੁਰਸ਼ ਗੁਰਸਿਖੀ ਦੇ ਬਾਣੇ ਵਿਚ ਹੋ ਕੇ ਜੋ ਆਮ ਸਾਦਾ ਲੋਹ ਗੁਰਸਿਖਾਂ ਨੂੰ ਧੋਖਾ ਦਿੰਦੇ ਹਨ ਉਨ੍ਹਾਂ ਧੋਖੇ ਬਾਜ਼ ਮਨਮਤੀਆਂ ਦਾ ਗੁਰਮਤਿ ਅੰਦਰ ਕੋਈ ਵੀ ਥਾਉਂ ਨਹੀਂ ਗੁਰਮਤਿ ਦ੍ਰਿੜਾਈ ਨਾਮ ਦੀ ਮਹਿਮਾ ਤੋਂ ਘੁਥੇ ਹੋਏ ਅਜਿਹੇ ਮਨ-ਮਤੀਆਂ ਪ੍ਰਚਾਰਕਾਂ ਦਾ ਪੂਰਨ ਬਾਈਕਾਟ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਮਤਿ ਥੋੜੀ ਹੈ ਤੇ ਨਿਹਾ-ਇਤ ਤਰਸ ਯੋਗ ਹੈ ਜੋ ਗੁਰਮਤਿ ਦਰਸਾਈ ਦ੍ਰਿੜਾਈ ਮਹਿਮਾ ਤੋਂ ਉਕੇ ਹੀ ਮੁਨਕਰ ਹਨ। ਵੇਦਾਂਤਕ ਖਿਆਲਾਂ ਦਾ ਸਾਡੇ ਗੁਰਮਤਿ ਪ੍ਰਚਾਰਕਾਂ ਉਤੇ ਬੜਾ ਹੀ ਬੁਰਾ ਅਸਰ ਪਿਆ ਹੋਇਆ ਹੈ ਉਨ੍ਹਾਂ ਦੀ ਬੁਧੀ ਨਿਰੀ ਹੀ ਵੇਦਾਂਤ ਗ੍ਰਸੀ ਹੋਈਹੋਣ ਕਰਕੇ ਕੁਬੁਧੀ ਹੋਈ ਹੋਈ ਹੈ। ਨਿਰੋਲ ਵੇਦਾਂਤੀ ਜੋ ਅਨਮਤੀ ਪੁਰਸ਼ ਹਨ ਉਨ੍ਹਾਂ ਦੇ ਪਲੇ ਤਾਂ ਵੇਦਾਂਤ ਤੇ ਢਕੋਂਸਲਿਆ ਬਿਨਾਂ ਹੋਰ ਕੁਛ ਹੈ ਹੀ ਨਹੀਂ। ਪ੍ਰੰਤੂ ਗੁਰਮਤਿ ਪ੍ਰਬੰਧਕਾਂ ਲਈ ਇਹ ਇਕ ਬੜਾ ਕਲੰਕ ਹੈ ਕਿ ਨਾਮ ਦੀ ਮਹਿਮਾਂ ਨੂੰ ਅਜਿਹੇ ਮਨਮਤੀਆਂ ਦੇ ਪਿਛੇ ਲਗ ਕੇ ਕਲੰਕਤ ਕਰ ਰਹੇ ਹਨ ਸਾਨੂੰ ਇਕ ਅਨਮਤੀ ਵੇਦਾਂਤੀ ਅਤੇ ਭੇਖੀ ਸਾਧੂ ਰੇਲ ਵਿਚ ਮਿਲਿਆ ਜੋ ਵੇਦਾਂਤ ਦੀਆਂ ਪੁਸਤਕਾਂ ਲੋਕਾਂ ਨੂੰ ਦੇ ਕੇ ਵੇਦਾਂਤ ਦਾ ਖੋਟਾ ਪ੍ਰਚਾਰ ਕਰ ਰਿਹਾ ਸੀ। ਉਹ ਸਾਨੂੰ ਵੀ ਇਕ ਵੇਦਾਂਤ ਦੀ ਪੁਸਤਕ ਦੇਣ ਲਗਾ ਪਰ ਅਸੀਂ ਉਸ ਨੂੰ ਏਹ ਉਤਰ ਦਿਤਾ ਕਿ ਅਸੀਂ ਤਾਂ ਨਾਮ ਦੀ ਮਹਿਮਾ ਬਿਨਾਂ ਵੇਦਾਂਤ ਦੀ ਫੋਕੀ ਮਹਿਮਾਂ ਵਿਚ ਪੈਣਾ ਹੀ ਨਿਰੀ ਮਨ ਮਤਿ ਸਮਝਦੇ ਹਾਂ ਉਸ ਨੇ ਫੌਰਨ ਹੀ ਉਤਰ ਦੇ ਦਿਤਾ, ਕਿ 'ਨਾਮ ਰੂਪ ਹੈ ਸਗਲ ਮਿਥੇਨਾ' ਅਸੀਂ ਉਸ ਨੂੰ ਆਖਿਆ ਕਿ ਇਹ ਤਾਂ ਗੁਰਬਾਣੀ ਦੀ ਕੋਈ ਤੁਕ ਹੀ ਨਹੀਂ ਹੈ 'ਦ੍ਰਿਸ਼ਟ ਮਾਨ ਹੈ ਸਗਲ ਮਿਥੇਨਾ' ॥ ਇਹ ਤਾਂ ਤੁਕ ਹੈ। ਉਹ ਛਿਤਾ ਤਾਂ ਬੜਾ ਪਿਆ, ਪਰ ਫੌਰਨ ਹੀ ਉਸ ਨੇ ਇਉਂ ਪਾਸਾ ਪਲਟ ਲਿਆ, ਕਿ ਜਿਤਨੀ ਵੀ ਦ੍ਰਿਸ਼ਟ ਮਾਨ ਸਮਿਗ੍ਰੀ ਹੈ ਉਸਦਾ ਕੋਈ ਨ ਕੋਈ ਨਾਮ ਹੈ। ਸੋ ਇਹ ਨਾਮ ਸਾਰੇ ਹੀ ਮਿਥਿ-ਆ ਹਨ, ਅਸੀਂ ਉਸ ਨੂੰ ਉਤਰ ਦਿਤਾ, ਕਿ ਦ੍ਰਿਸ਼ਟ ਮਾਨ ਆਪੋਂ ਧਰੇ ਨਾਮ ਸਭ ਆਮ ਲੋਕਾਂ ਦੀ ਮਨਿਮਤ ਦੇ ਧਰੇ ਹੋਏ ਹਨ, ਧੁਰੋਂ ਆਇਆ ਧੁਰ ਧੁਰੰਦਰੋਂ ਪਠਾਇਆ ਵਾਹਿਗੁਰੂ ਦਾ ਗੁਰਮਤਿ ਨਾਮ ਹਰਗਿਜ਼ ਮਿਥਿਆ ਨਹੀਂ ਹੋ ਸਕਦਾ। ਤੁਸੀਂ ਆਪੋਂ ਹੀ ਮਨਘੜਤ ਨਾਮ ਦ੍ਰਿਸ਼ਟਿ ਮਾਨ ਪਸਾਰੇ ਦੀਆਂ ਚੀਜ਼ਾਂ ਦਾ ਧਰ ਲੈਂਦੇ ਹੋ ? ਜੋ ਨਿਰੀ ਮਨਮਤਿ ਹੈ, ਦ੍ਰਿਸ਼ਟਮਾਨ ਵਸਤੂਆਂ ਦੀ ਮਨ ਘੜਤ ਘਾੜਤ ਧਰੀ ਹੋਈ ਮਿਥਿਆ ਹੋਣੀ ਹੀ ਸੀ, ਇਹ ਤੁਹਾਡੀ ਕੋਝੀ ਵਿਦਾਂਤ ਏਸੇ ਮਨ ਘੜਤ ਘੜੀ ਹੋਈ ਘਾੜਤ ਨੂੰ ਦਿਸਣਹਾਰ ਵਸਤੂਆਂ ਦੇ ਬੁਝਾਰਤੀ ਕੋਝੇ ਨਾਮ ਨੂੰ ਮਿਥਿਆ ਕਰਕੇ ਪ੍ਰਚਾਉਂਦੀ ਹੈ ਜੋ ਗੁਰਮਤਿ ਦੀ ਨਾਮ ਰੂਪੀ ਮਹਿਮਾ ਤੋਂ ਕੋਸੋਂ ਹੀ ਦੂਰ ਹੈ। ਅਜਿਹੇ ਪ੍ਰਪੰਚੀਆਂ ਅਨਮਤੀ ਵੇਦਾਂਤੀਆਂ ਦੇ ਰੀਸੇ ਅਜ ਕਲ ਅਸਾਡੇ ਨਵੀਨ ਖਿਆਲੀ ਹੋਛੇ ਪ੍ਰਚਾਰਕਾਂ ਦੇ ਰਸਾਲੇ ਨਿਕਲ ਰਹੇ ਹਨ ਜੋ ਨਿਰਾ ਹੀ ਮਨ ਮਤਿ ਦੀ ਜ਼ਹਿਰ ਦਾ ਫੈਲਾਉ ਕਰ ਰਹੇ ਹਨ।

ਨਾਮ ਦੀ ਮਹਿਮਾਂ ਮਈ ਸੁਗੰਧੀ ਅਪਰ ਅਪਾਰ ਹੈ ਇਸਨੂੰ ਵਰਤਣਾ ਬੜੀ ਹੀ ਸ਼ਹੂਰ ਵਾਲੇ ਸਿੰਘ ਜਨਾਂ ਦੀ ਵਰਤੋਂ ਵਾਲੀ ਗੱਲ ਹੈ। ਕਈ ਹੋਛੇ ਜਨ ਏਥੋਂ ਤਾਈਂ ਗ਼ਲਤੀ ਕਰ ਬੈਠਦੇ ਹਨ ਕਿ ਨਾਮ ਦੀ ਮਹਿਮਾਂ ਨੂੰ ਹੋਛੇ ਤ੍ਰੀਕੇ ਨਾਲ ਜਣੇ ਖਣੇ ਪੁਰਸ਼ ਪਾਸ ਦ੍ਰਿੜਾਉਣ ਬੈਠ ਜਾਂਦੇ ਹਨ, ਸਾਡੇ ਨਵੀਨ ਵੇਦਾਂਤੀਏ ਵੇਦਾਂਤ ਮਈ ਖਿਆਲਾਂ ਦੇ ਕੁਠੇ ਹੋਏ


www.AKJ.Org

ਸਜਣ ਜਨ ਏਥੋਂ ਤਾਈਂ ਗਲਤੀ ਭੀ ਕਰ ਬੈਠਦੇ ਹਨ ਕਿ ਨਾਮ ਦੀ ਮਹਿਮਾ ਦਾ ਤਤ-ਅਵਿਪਰਾ ਸਮਝਦੇ ਹੀ ਨਹੀਂ, ਆਪਣੇ ਵੇਦਾਂਤੀ ਖਿਆਲਾਂ ਦੇ ਕੁਚਾਨਣੇ ਅੰਦਰ ਐਂਵੇ ਕਹੀ ਜਾਂਦੇ ਹਨ ਕਿ ਫੋਕਾ ਰਾਮ ਰਾਮ ਕਹੇ ਤੇ ਕੀ ਬਣਦਾ ਹੈ, ਉਨ੍ਹਾਂ ਦੇ ਭਾ ਦਾ ਵਾਹਿਗੁਰੂ ਨਾਮ ਮੁਖੋਂ ਕਹਿਣਾ ਫੋਕਾ ਭਾਸਦਾ ਹੈ। ਪਰੰਤੂ ਉਨ੍ਹਾ ਨੂੰ ਇਹ ਪਤਾ ਨਹੀਂ ਕਿ ਧੁਰੋਂ ਆਇਆ ਸਚੇ ਨਾਮ ਦੇ ਵਿਸ਼ੇਸ਼ਣ ਵਾਲਾ ਵਾਹਿਗੁਰੂ ਸਤਿਨਾਮ ਹਰੇਕ ਜਣੇ ਖਣੇ ਪੁਰਸ਼ ਨੂੰ ਪਰਾਪਤ ਨਹੀਂ ਹੋ ਸਕਦਾ, ਧੁਰੋਂ ਪਠਾਏ ਨਾਮ ਦੀ ਗੁੜ੍ਹਤੀ ਗੁਰੂ ਰੂਪੀ ਪੰਜਾਂ ਪਿਆਰਿਆਂ ਦੁਆਰਾ ਜਿਸ ਨੂੰ ਪਰਾਪਤ ਹੋ ਜਾਂਦੀ ਹੈ, ਤਾਂ ਹੀ ਉਸ ਨੂੰ ਸਚੇ ਨਾਮ ਦੀ ਫਲ-ਪ੍ਰਾਪਤੀ ਬਰਕਤ ਪ੍ਰਾਪਤ ਹੁੰਦੀ ਹੈ ਯਥਾ ਗੁਰਵਾਕ :—

"ਰਾਮ ਰਾਮ ਸਭ ਕੋ ਕਹੈ ਕਹਿਐ ਰਾਮੁ ਨ ਹੋਇ ॥
'ਗੁਰਪਰਸਾਦੀ' ਰਾਮ ਮਨਿ ਵਸੈ ਤਾਂ ਫਲੁ ਪਾਵੈ ਕੋਇ ॥"

ਨਾਮ ਰੂਪੀ ਸਚੀ ਮਾਹਿਮਾਂ ਦੀ ਸਚੀ ਪ੍ਰਾਪਤੀ ਤਿਸੈ ਵਡ ਭਾਗੇ ਜਨ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਗੁਰੂ ਦੁਆਰਾ ਅਥਵਾ ਪੰਜਾਂ ਪਿਆ-ਰਿਆਂ ਦੁਆਰਾ ਨਾਮ ਮਈ ਸਚੀ ਗੁੜ੍ਹਤੀ ਪ੍ਰਾਪਤ ਹੋ ਚੁਕੀ ਹੋਵੇ।

"ਸੋਈ ਰਾਮ ਸਭੈ ਕਹਹਿ ਸੋਈ ਕਉਤਕ ਹਾਰ ॥"

ਗੁਰਵਾਕ ਦਾ ਸਪਸ਼ਟ ਭਾਵ ਹੈ ਕਿ ਉਂਝ ਤਾਂ ਵਾਹਿਗੁਰੂ ੨ ਮੁਖੋਂ ਸਭ ਕੋਈ ਕਰਦਾ ਹੈ ਪਰੰਤੂ ਕਲਿਆਨ ਮਈ ਨਾਮ ਵਿਗਾਸੀ ਕਉਤਕ ਵਰਤਾਣ ਵਾਲੀ ਨਾਮ ਦੀ ਮਹਿਮਾ ਕਿਸੇ ਵਿਰਲੇ ਵਡਭਾਗੀ ਜਨ ਨੂੰ ਪਰਾਪਤ ਹੁੰਦੀ ਹੈ।

ਗੁਰਵਾਕ :—

"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ।" ਨਾਨਕ ਜਿਨਕੈ ਹਿਰਦੈ ਵਸਿਆ ਮੋਖ ਮੁਕਤਿ ਤਿਨੁ ਪਾਇਆ ।"

"ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥"

ਇਨ੍ਹਾਂ ਦੋਹਾਂ ਗੁਰਵਾਕਾਂ ਦਾ ਭਾਵ ਸਪਸ਼ਟ ਦਸਦਾ ਹੈ ਕਿ ਨਾਮ ਦੀ ਅਨਿਨ ਮਹਿਮਾ ਆਪ ਹੁਦਰੋਂ ਜਪਣ ਨਾਲ ਪਰਾਪਤ ਨਹੀਂ ਹੁੰਦੀ, ਸਹਜ-ਗਿਆਨ ਰੂਪੀ ਸਚੇ ਭਾਵ ਦੁਆਰਾ ਜਿਸ ਮਨ ਨੂੰ ਗੁਰਮਤ ਨਾਮ ਦੀ ਸਚੀ ਜਾਗ ਗੁਰੂ ਨਾਨਕ ਸਾਹਿਬ ਦੇ ਦਵਾਰਿਉਂ ਲਗ ਜਾਵੇ ਉਸ ਦੇ ਹਿਰਦੇ ਵਿਚ ਮੁਕਤ ਮੋਖਿ ਮਈ ਕਲਿਆਨਕ ਕਾਰਕ ਨਾਮ ਵਸਦਾ ਹੈ। ਇਨ੍ਹਾਂ ਗੁਰਵਾਕਾਂ ਨੇ ਸਾਫ ਸਿਧ ਕਰਾ ਦਿਤਾ, ਕਿ ਨਾਮ ਦੀ ਤਤਿ ਮਹਿਮਾ ਤਿਸ਼ੇ ਜਨ ਨੂੰ ਪ੍ਰਾਪਤ ਹੁੰਦੀ ਹੈ, ਜਿਸ਼ ਨੂੰ ਧੁਰੋਂ ਬਖਸ਼ੀ ਨਾਮ ਦੀ ਵਡਿਆਈ ਮਈ ਅਪਾਰ ਮਹਿਮਾ ਪਰਾਪਤ ਹੋ ਜਾਵੇ, ਇਸ ਦਾਸਰੇ ਦਾ ਭੀ ਪਹਿਲੇ ਪਹਿਲ ਇਹ ਖਿਆਲ ਸੀ ਕਿ ਵਾਹਿਗੁਰੂ ਨਾਮ ਨੂੰ ਹਿਰਦੇ ਵਿਚ ਹੀ ਰਖਣਾ ਚਾਹੀਦਾ ਹੈ ਮੁਖ ਤੋਂ ਬਾਹਰ ਨਹੀਂ ਨਿਕਾਲਣਾ ਚਾਹੀਦਾ, ਪਰੰਤੂ ਪਿਛਲੇ ਦੋਹਾਂ ਗੁਰਵਾਕਾਂ ਨੇ ਇਹ ਖਿਆਲ ਉਕਾ ਹੀ ਮਨ ਵਿਚੋਂ ਕਾਫੂਰ ਕਰ ਦਿਤਾ। ਸਚ ਮੁਚ ਗੁਰੂ ਦਰਸਾਇਆ ਗੁਰੂ ਦ੍ਰਿੜਾਇਆ ਗੁਰੂ ਸਰੂਪ ਪੰਜਾਂ ਪਿਆਰਿਆਂ ਦਵਾਰਾ ਬਖਸ਼ਿਆ ਹੋਇਆ ਨਾਮ ਹੀ ਫਲੀ ਭੂਤ ਹੋਣਾ ਹੈ, ਐਵੇਂ ਆਪ ਹੁਦਰੇ ਹੀ ਬਿਨਾਂ ਗੁਰਦੀਖਿਆ ਮਿਲੀ ਤੇ ਨਾਮ ਕਦੇ ਭੀ ਕਿਸੇ ਨੂੰ ਪਰਾਪਤ ਨਹੀਂ ਹੋਣਾ। ਮੋਖ ਮੁਕਤ ਮਈ ਕਲਿਆਨ ਕਾਰਕ ਵਾਹਿਗੁਰੂ ਨਾਮ ਤਿਸੈ ਵਡਭਾਗੇ ਗੁਰਮੁਖ ਜਨ ਦੇ ਹਿਰਦੇ ਵਿਚ ਪਰਕਾਸ਼ਤ ਹੋਣਾ ਹੈ ਜਿਸ ਨੂੰ ਧੁਰ ਦਰਗਾਹੋਂ ਨਾਮ ਵਡਿਆਈ ਦੀ ਸਚੀ ਮਹਿਮਾ ਗੁਰੂਦਵਾਰਿਉਂ ਦੀਖਸ਼ਤ ਹੋ ਚੁਕੀ ਹੋਵੇ। ਕਿਸ਼ੇ ਭੀ ਇਕ ਇਕਲੇ ਪੁਰਸ਼ ਨੂੰ ਨਾਮ ਦੇਣ ਦਾ ਹੁਕਮ ਨਹੀਂ, ਦ੍ਰਿੜ ਹੁੰਦਾ ਹੈ ਤਾਂ ਕੇਵਲ ਗੁਰੂ ਮਈ ਪੰਜਾਂ ਪਿਆਰਿਆਂ ਦੀ ਦੀਖਸ਼ਤ ਮਹਿਮਾ ਦਵਾਰਾ ਹੀ ਹੁੰਦਾ ਹੈ, ਇਸ ਗਲ ਦੀ ਪਰੋੜ੍ਹਤਾ ਇਸ ਦਾਸਰੇ ਨੂੰ ਗਹਿ ਕਰਕੇ ਉਦੋਂ ਪਰਾਪਤ ਹੋਈ, (ਜਿਸ ਨੂੰ ਕਿ ਦਾਸ ਗੁਰੂ ਦੀ ਅਪਾਰ ਕ੍ਰਿਪਾ ਕਰਕੇ ਸਮਝਦਾ ਹੈ) ਕਿ ਇਕ


www.AKJ.Org

ਵਾਰ ਅਸੀਂ ਕਸ਼ਮੀਰ ਤੋਂ ਕਾਰ ਵਿਚ ਆ ਰਹੇ ਸਾਂ, ਅਤੇ ਸਚੀ ਕਾਰੇ ਲਗਨ ਲਈ ਕਿਤੇ ਵਲ ਜਾ ਰਹੇ ਸਾਂ, ਕਿ ਰਾਹ ਵਿਚ ਸਾਡੀ ਕਾਰ ਨੂੰ ਸਰਦਾਰ ਬਹਾਦਰ ਘੇਰ ਕੇ ਖੜ੍ਹ ਗਿਆ ਤੇ ਅੜ ਗਿਆ ਏਸ ਗਲ ਤੇ, ਕਿ ਮੈਂ ਕਾਰ ਤਦ ਲੰਘਣ ਦੇਣੀ ਹੈ ਜਦ ਮੈਨੂੰ ਆਪਣੀ ਜ਼ਬਾਨੀ ਤੁਸੀਂ ਇਹ ਗਲ ਦ੍ਰਿੜਾ ਦੇਵੋਗੇ ਕਿ ਉਹ ਕਿਹੜਾ ਨਾਮ ਹੈ ਜਿਸ ਦੇ ਜਪਣ ਦਾ ਹੁਕਮ ਹੈ ਮੈਂ ਉਸ ਪਰੇਮੀ ਨੂੰ ਕਿਹਾ ਕਿ

"ਗਿਆਨ ਨ ਗਲਈਂ ਢੂੰਢੀਐ ਕਥਨਾ ਕਰੜਾ ਸਾਰ ॥"

ਨਾਮ ਦੀ ਬੜੀ ਕਰੜੀ ਕਾਰ ਹੈ ਅਤੇ ਸਾਰ ਭਗਤੀ ਇਹੋ ਹੀ ਹੈ ਇਸ ਨੂੰ ਨਿਰੀ ਗਲਾਂ ਵਾਲੀ ਬਜ਼ਾਰੀ ਖੇਡ ਬਨਾਉਣੀ ਠੀਕ ਨਹੀਂ, ਨਾ ਹੀ ਇਕਲੇ ਸਿਖ ਨੂੰ ਨਾਮ ਦਸਣਾ ਯੋਗ ਹੈ ਇਹ ਤਾਂ ਨਾਮ ਦੀ ਮਹਿਮਾ ਗੁਰੂ ਜਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੀ ਦ੍ਰਿੜਾਈ ਹੋਈ ਹੀ ਫਲੀ ਭੂਤ ਹੁੰਦੀ ਹੈ, ਐਵੇਂ ਨਹੀਂ ਹੁੰਦੀ। ਤੁਸੀਂ ਜਾਵੋ ਸਾਡਾ ਖਹਿੜਾ ਛਡੋ, ਅਸੀਂ ਨਾਮ ਤੁਹਾਨੂੰ ਨਹੀਂ ਦਸਣਾ, ਨ ਹੀ ਦਸਣ ਦਾ ਹੁਕਮ ਹੈ ਇਕ ਇਕਲੇ ਸਿਖ ਨੂੰ। ਉਹ ਸਰਦਾਰ ਬਹਾਦਰ ਅਜੀਬ ਰਟ ਵਿਚ ਇਉਂ ਰਟਣ ਲਗ ਪਿਆ ਕਿ ਤੁਸੀਂ ਤਾਂ ਮੈਨੂੰ ਟਾਲਦੇ ਹੋ ? ਚੰਗਾ ਟਾਲ ਛਡੋ ? ਪਰਮੈਂ ਤੁਹਾਨੂੰ ਇਹ ਗਲ ਦਸ ਦੇਵਾਂ ਕਿ ਇਕ ਦਿਨ ਪੰਥ ਦੇ ਇਕ ਪਰਸਿਧ ਮੁਖੀਏ ਨਾਲ ਮੈਂ ਸੁਤੇ ਸੁਭਾਵ ਹੀ ਸੈਰ ਕਰਦਾ ਫਿਰਦਾ ਸੀ ਕਿ ਉਨ੍ਹਾਂ ਨੇ ਮੇਰੇ ਪੁਛਣ ਤੇ ਫੌਰਨ ਹੀ ਨਾਮ ਦਸ ਦਿਤਾ। ਮੈਂ ਸਰਦਾਰ ਬਹਾਦਰ ਨੂੰ ਤੁਰਤ ਫੁਰਤ ਹੀ ਉਤਰ ਦਿਤਾ ਕਿ ਇਹ ਏਸ ਗਲ ਦਾ ਪਕਾ ਸਬੂਤ ਹੈ ਕਿ ਇਕ ਇਕਲੇ ਸਿਖ ਦਾ ਦਸਿਆ ਤੇ ਦਿਤਾ ਨਾਮ (ਚਾਹੇ ਕਿਤਨਾ ਹੀ ਪ੍ਰਸਿਧ ਹੋਵੇ) ਕਦੇ ਭੀ ਦ੍ਰਿੜ ਨਹੀਂ ਹੋ ਸਕਦਾ। ਜੇਕਰ ਆਪ ਨੂੰ ਦ੍ਰਿੜ ਹੋ ਗਿਆ ਹੁੰਦਾ ਤਾਂ ਅਜ ਮੇਰੇ ਪਾਸੋਂ ਆ ਕੇ ਨਾਮ ਨ ਪੁਛਦੇ। ਆਪ ਦੇ ਇਸ ਕਥਨ ਨੇ ਸਾਫ ਸਿਧ ਕਰ ਦਿਤਾ ਕਿ ਨਾਮ ਜਦੋਂ ਭੀ ਦ੍ਰਿੜ ਹੁੰਦਾ ਹੈ ਤਾਂ ਗੁਰੂ ਅਥਵਾ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦੀਖਿਆ ਦੁਆਰਾ ਹੁੰਦਾ ਹੈ, ਇਕ ਇਕਲੇ ਦਾ ਦਸਿਆ ਨਾਮ ਕਦੇ ਦ੍ਰਿੜ ਨਹੀਂ ਹੁੰਦਾ। ਸਰਦਾਰ ਬਹਾਦਰ ਬੜਾ ਹੀ ਛਿਥਾ ਪਿਆ, ਤੇ ਉਸਨੂੰ ਇਕਲਾ ਦਸਣ ਵਾਲਾ ਗੁਰਮੁਖ ਜਨ ਬਹੁਤ ਹੀ ਛਿਥਾ ਪਿਆ ਹੋਣਾ ਹੈ। ਤਾਂ ਤੇ ਸਪਸ਼ਟ ਸਿਧ ਹੋਇਆ ਕਿ ਉਹੀ ਨਾਮ ਦ੍ਰਿੜ ਤੇ ਫਲੀਭੂਤ ਹੋ ਸਕਦਾ ਹੈ ਜਿਸ ਨੂੰ ਗੁਰਦੁਆਰਾ ਜਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਦਵਾਰਾ ਦੀਖਸ਼ਾਇਆ ਜਾਵੇ। ਤਾਂ ਤੇ ਨਾਮ ਦੀ ਮਹਿਮਾ ਅਤੀਅੰਤ ਕਥਨੀ ਹੈ।

## * ਪਾਠਕਾਂ ਪ੍ਰਤੀ ਬੇਨਤੀ *

ਮਾਸਕ ਪੱਤਰ 'ਸੂਰਾ' ਹਰ ਮਹੀਨੇ ਦੀ ੫ ਤਾਰੀਖ ਨੂੰ ਡਾਕ ਵਿਚ ਪਾ ਦਿਤਾ ਜਾਂਦਾ ਹੈ। ਇਸ ਲਈ ਦੇਸ਼ ਵਾਸੀ ਵੀਰਾਂ ਨੂੰ ੧੨ ਤਾਰੀਖ ਤਕ ਅਤੇ ਪਰਦੇਸੀ ਵੀਰਾਂ ਨੂੰ ੨੦ ਤਾਰੀਖ ਤਕ ਪਰਚਾ ਨਾ ਪੁਜੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ। ਅਤੇ ਜਦੋਂ ਵੀ ਆਪਣੇ ਘਰ ਦਾ ਪਤਾ ਤਬਦੀਲ ਹੋਵੇ ਤਾਂ ਸ਼ੀਘਰ ਹੀ ਹੇਠ ਲਿਖੇ ਪਤੇ ਤੇ ਪਤਾ ਸਾਫ ਅਤੇ ਸ਼ੁਧ ਲਿਖ ਕੇ ਭੇਜੋ।

**ਮੈਨੇਜਰ "ਸੂਰਾ"**

੫੯੪-੩, ਖਾਲਸਾ ਮਹਲਾ, ਪਟਿਆਲਾ।



www.AKJ.Org

# ਗੁਰਸਿਖ ਜਤੀ

(ਭਾਈ ਮਾਲਿਕ ਸਿੰਘ ਜੀ B. Sc. ਕਾਨ ਪੁਰ)

## ਛਿਅ ਜਤੀ ਮਾਇਆ ਕੇ ਬੰਧਾ

ਵੈਸੇ ਤਾਂ ਹਿੰਦੂ ਮਤ ਅੰਦਰ ਅਨੇਕਾਂ ਜਤੀ ਹੋਇ ਹਨ ਪਰ ਇਸ ਬਾਰੇ ਜੋ ਗੁਰਬਾਣੀ ਵਿਖੇ ਪ੍ਰਮਾਣ ਮਿਲਦੇ ਹਨ ਉਨ੍ਹਾਂ ਮੁਤਾਬਕ ਪਰਸਿਧ ਅਤੇ ਵਡੇ ਛਿਅ ਜਤੀ ਮਨੇ ਗਏ ਹਨ। ਕਬੀਰ ਸਾਹਿਬ ਜੀ ਭੈਰਉ ਰਾਗ ਵਿਚ ਉਚਾਰਨ ਕਰਦੇ ਹਨ ਕਿ "ਛਿਅ ਜਤੀ ਮਾਇਆ ਕੇ ਬੰਧਾ।" ਇਹਨਾਂ ਛਿਅ ਜਤੀਆਂ ਦੇ ਨਾਮ ਇਸ ਤਰ੍ਹਾਂ ਹਨ :

੧. ਭੀਖਮ ਜਤੀ।
੨. ਗੋਰਖਜਤੀ।
੩. ਲਛਮਨ ਜਤੀ।
੪. ਹਨੂੰਮਾਨ ਜਤੀ।
੫. ਭੈਰਉ ਜਤੀ
੬. ਦਤ੍ਰਾ ਤ੍ਰੇਯ ਜਤੀ।

ਕਬੀਰ ਦਾਸ ਜੀ ਦਸਦੇ ਹਨ ਕਿ ਚਾਹੇ ਇਹ ਜਤੀ ਕਹਲਾਨ ਦੇ ਹਕਦਾਰ ਹੋਇ ਹਨ ਪਰ ਇਹ ਜਤੀ ਵੀ ਮਾਇਆ ਦੇ ਪ੍ਰਭਾਵ ਤੋਂ ਨ ਬਚ ਸਕੇ। ਮਾਇਆ ਦੇ ਬੰਧਨ ਨ ਤੋੜ ਸਕੇ। ਕਬੀਰ ਸਾਹਿਬ ਜੀ ਦੇ ਇਸ ਮਹਾਂਵਾਕ ਅਨੁਸਾਰ ਇਹ ਸਪਸ਼ਟ ਹੈ ਕਿ ਸਚੇ ਜਤੀ ਲਈ ਜਿਥੇ ਕਾਮਵਾਸ਼ਨਾ ਤੋਂ ਮੁਕਤ ਰਹਨਾ ਜ਼ਰੂਰੀ ਹੈ ਉਸ ਤੋਂ ਕਿਧਰੇ ਪਰਮ ਜ਼ਰੂਰੀ ਮਾਇਆ ਦੇ ਅਸਰ ਤੋਂ ਨਿਰਲੇਪ ਰਹਣਾ ਹੈ। ਕੀ ਹੋਇਆ ਜਿ ਹਠ ਕਰਮਾਂ ਦਾ ਬੱਧਾ ਸਾਰੀ ਉਮਰ ਸ਼ਾਦੀ ਸ਼ੁਦਾ ਨ ਰਹੇ ਇਹ ਤਾਂ ਬਧਾ ਚਟੀ ਵਾਲੀ ਕਹਾਵਤ ਅਨੁਸਾਰ ਨ ਗੁਣ ਨ ਉਪਕਾਰ ਵਾਲੀ ਹੀ ਗਲ ਹੋਈ ਜੋ ਕੇਵਲ ਲੋਕਾ ਚਾਰ ਦਿਖਾਵਾ ਅਤੇ ਅਹੰਕਾਰ ਨੂੰ ਵਧਾਨ ਤੋਂ ਸਿਵਾ ਹੋਰ ਕੁਛ ਨਹੀਂ॥

ਭਾਈ ਸਾਹਿਬ ਰਾਈ ਗੁਰਦਾਸ ਜੀ ਇਸ ਨੂੰ ਕਿਤਨਾ ਸਪਸ਼ਟਤਾ ਨਾਲ ਲਿਖਦੇ ਹਨ :

ਗੁਰਖ ਜਤੀ ਸਦਾਇੰਦਾ ਤਿਸ ਗੁਰ **ਘਰਬਾਰੀ** ੧ ॥ ਸ਼ੁਕੱਰ ਕਾਨਾ ਹੋਇਆ ਦੁਰਮੰਤ੍ਰ ਵੀਚਾਰੀ ॥
ਲਛਮਨ ਸਾਧੀ ਭੁਖ ਤਿਹ ਹਉਮੈ ਅਹੰਕਾਰੀ ॥
ਹਨੂੰਮਾਨ ਬਲਵੰਤ ਹਇ ਚੰਚਲ ਮਤਿ ਖਾਰੀ ॥
ਭੈਰਉ ਭੂਤ ਕਸੂਤ ਸੰਗਿ ਦੁਰਮਤਿ ਉਰਧਾਰੀ ॥
ਗੁਰ ਸਿਖ ਜਤੀ ਸਲਾਹੀਐ ਜਿਨ ਹਉਮੈ ਮਾਰੀ ॥
(ਵਾਰ–੩੮ ਪਉੜੀ ੭)

੧ ਘਰਬਾਰੀ : ਕਾਮਵਾਸ਼ਨਾ ਦੇ ਅਧੀਨ ਹੋਇ ਕਰ ਮੋਏ ਰਾਜੇ ਦੇ ਸ਼ਰੀਰ ਵਿਚ ਪਰਵੇਸ਼ ਕਰਕੇ ਭੋਗ ਭੋਗਿਆ ॥

ਕਿਤਨਾ ਉਚਾ ਆਦ੍ਰਸ਼ ਭਰਿਆ ਪਿਆ ਹੈ ਇਹਨਾਂ ਪੰਕਤੀਆਂ ਵਿਚ। ਹਾਂ ਜੀ "ਗੁਰਸਿਖ ਜਤੀ ਸਲਾਹੀਐ" ਸਚਾ ਜਤੀ ਤਾਂ ਹੈ ਹੀ ਗੁਰਸਿਖ।

## ਗੁਰਸਿਖ ਸ਼ਾਦੀ ਸ਼ੁਦਾ ਹੁੰਦਾ ਹੋਇਆ ਮਹਾਨ ਜਤੀ ਹੈ।

ਗੁਰਮਤਿ ਅਨੁਸਾਰ **"ਏਕਾ ਨਾਰੀ ਜਤੀ ਹੋਇ"** ਦੇ ਮਹਾਂਵਾਕ ਅਨੁਸਾਰ ਇਸ ਉਚ ਆਦ੍ਰਸ਼ ਤੇ ਚਲਦਾ ਹੋਇਆ ਜੀਵਨ ਬਤੀਤ ਕਰਦਾ ਹੋਇਆ ਇਸ ਸੰਸਾਰ ਦੇ ਵਿਚ ਵਿਚਰਦਾ ਹੋਇਆ, ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੋਇਆ, ਅਸਲੀ ਜਤੀ ਕਹਿਲਾਣ ਦਾ



www.AKJ.Org

ਹਕਦਾਰ ਹੈ ।

ਆਉ ਹੁਣ ਇਸ ਵਿਆਖਿਆ ਅਨੁਸਾਰ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਚਾਨਨ ਅੰਦਰ ਇਹ ਵੇਖੀਏ ਕਿ ਗੁਰਸਿਖ ਕਿਸ ਤਰੀਕੇ ਨਾਲ ਹਰ ਪਹਿਲੂ ਤੋਂ ਪਰਖਣ ਤੇ ਮਹਾਨ ਜਤੀ ਕਹਲਾਨ ਦਾ ਹਕਦਾਰ ਹੈ ।

ਸਿਖ ਦਾ ਜੀਵਨ ਆਰੰਭ ਹੀ "**ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ**" ਤੋਂ ਹੁੰਦਾ ਹੈ । ਜਨਮ ਤੋਂ ਹੀ ਇਹ ਗੁੜਤੀ ਸਿਖ ਨੂੰ ਦਿਤੀ ਜਾਂਦੀ ਹੈ । ਇਸ ਬਾਰੇ ਦਸਮ ਪਾਤਸ਼ਾਹ, ਅੰਮ੍ਰਿਤ ਦੇ ਦਾਤੇ, ਕਲਗੀਧਰ ਪਿਤਾ, ਬਾਦਸ਼ਾਹ ਦਰਵੇਸ਼, ਨਾਸਰੋ ਮਨਸੂਰ, ਸ਼ਾਹਿ ਸ਼ਾਹਨ ਸ਼ਾਹ, ਖਾਲ ਸੋ ਬੇਦੀਨਾ ਹਕ ਹਕ ਆਈਨਾ ਗੁਰੂ ਗੋਬਿੰਦ ਸਿੰਘ ਜੀ, ਇਸ ਤਰ੍ਹਾਂ ਨਾਲ ਕਲਮ ਬੰਦ ਕਰਦੇ ਹਨ ਮਾਨੋ ਕਿ ਸਮੁੰਦਰ ਨੂੰ ਕੁਜੇ ਵਿਚ ਬੰਦ ਕਰਨਾ ਹੈ ।

ਸੁਧ ਜਬਤੇ ਹਮਧਰੀ, ਬਚਨ ਗੁਰ ਦੇਵ ਹਮਾਰੇ ॥
ਪੂਤ ਇਹੈ ਪ੍ਰਣ ਤੋਹਿ, ਪ੍ਰਾਣ ਜਬ ਲਗ ਘਟ ਥਾਰੇ ॥
**ਨਿਜਨਾਰੀ ਕੇ ਸਾਥ ਨੇਹੁ ਤੁਮ ਨਿਤ ਬੁਢੀਯਹੁ ॥ ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਹੀਯਹੁ ॥**

(ਪਾ: ੧੦)

ਹਾਂ ਜੀ ਜਨਮ ਤੋਂ ਹੀ ਅਰਥਾਤ ਪ੍ਰਾਣੀ ਜਦ ਗੁਰਦੀਖਿਆ ਦੀ ਪ੍ਰਾਪਤੀ ਲਈ ਯਾਚਨਾ, ਅਰਜ਼ੋਈ, ਪੰਜ ਪਿਆਰਿਆਂ ਦੇ ਸਨਮੁਖ, ਸਚੇ ਸਤਿਗੁਰੂ, ਜ਼ਾਹਰਾ ਜਹੂਰ ਜੁਗੋ ਜੁਗ ਅਟਲ, ਪ੍ਰਤੱਖ ਗੁਰਾਂ ਦੀ ਦਿਹ, ਗੁਰਬਾਣੀ ਇਸ ਜਗ ਮਹਿ ਚਾਨਣ, ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਸੀਸ ਨਿਵਾਇ ਦੋਇ ਕਰ ਜੋੜ, ਕਰਦਾ ਹੈ ਤਾਂ ਅਭਿਲਾਖੀ ਜਗਿਆਸੂ ਨੂੰ "ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ ਤਾਂ ਕਉ ਮਨ ਮੇਂ ਦ੍ਰਿੜ ਕਰ ਰਾਖੈ" (ਰਹਿਤਨਾਮਾ ਭਾਈ ਦੇਸਾ ਸਿੰਘ ਜੀ) ਪਕੰਤੀ ਅਨੁਸਾਰ ਚਾਰ ਬਜਰ ਕੁਰਿਹਤਾਂ ਤੋਂ ਜਾਣੂ ਕਰਾਇਆ ਜਾਂਦਾ ਹੈ । ਇਹਨਾਂ ਕੁਰਿਹਤਾਂ, ਜਿਨ੍ਹਾਂ ਦੀ ਉਲੰਘਣਾ ਕਰਨ ਹਾਰਾ, ਪਤਿਤ ਯਾ ਕੁਰਿਹਤੀਆ ਗਰਦਾਨਿਆਂ ਜਾਂਦਾ ਹੈ ਵਿਚੋਂ ਇਕ ਕੁਰਿਹਤ ਤਾਂ ਹੈ ਹੀ ਇਹ ਕਿ ਪਰ ਤ੍ਰਿਆ ਤੇ ਪਰ ਮਰਦ ਦਾ ਸੰਗ ਨ ਕਰਨਾ ॥ ਇਸ ਬਾਰੇ ਗੁਰੂ ਹੁਕਮ ਦੀ ਤਾਗੀਦ ਭਰੀ ਪ੍ਰੋੜ੍ਹਤਾ ਹੈ । ਇਹ ਕ੍ਰੜਾ ਹੁਕਮਨ ਸਿਰ ਹੁਕਮ ਦੋਨੋ ਪ੍ਰਾਣੀਆਂ, ਇਸਤ੍ਰੀ ਅਤੇ ਮਰਦ ਲਈ ਹੈ । ਇਸ ਹੁਕਮ ਦੀ ਪਰੋੜ੍ਹਤਾ ਲਈ ਭਾਈ ਸਾਹਿਬ ਭਾਈ ਗੁਰਦਾਸ ਜੀ, ਗੁਰਬਾਣੀ ਅਤੇ ਰਹਿਤਨਾਮਿਆ ਵਿਚੋਂ ਕੁਝ ਕੁ ਵਨਗੀ ਅਤੇ ਇਸ਼ਾਰੇ ਮਾਤ੍ਰ ਟੂਕਾਂ ਥਲੇ ਦਿਤੀਆਂ ਜਾਂਦੀਆਂ ਹਨ ॥

ਭਾਈ ਸਾਹਿਬ ਭਾਈ ਗੁਰਦਾਸ ਜੀ ।

੧. **ਏਕਾ ਨਾਰੀ ਜਤੀ ਹੋਇ,** ਪਰ ਨਾਰੀ ਧੀ ਭੈਣ ਵਖਾਣੈ ॥

(ਵਾਰ ੬, ਪਉੜੀ ੮)

੨. **ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥**

(ਵਾਰ ੨੯ ਪਉੜੀ ੧੧)

੩. ਹਉ ਤਿਸ ਘੋਲ ਘੁਮਾਇਆ, **ਪਰਨਾਰੀ ਦੇ ਨੇੜਿ ਨ ਜਾਵੈ ॥**

(ਵਾਰ ੧੨ ਪਉੜੀ ੪)

੪. ਧ੍ਰਿਗ ਲੋਇਣ ਗੁਰ ਦਰਸ ਵਿਣੁ, **ਵੇਖੈ ਪਰ ਤਰਣੀ**

(ਵਾਰ ੨੭ ਪਉੜੀ ੧੦)

## ਰਹਤਨਾਮਿਆਂ ਚੋਂ

੫. ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ



www.AKJ.Org

ਬਖਾਨੈ ॥ **ਅਪਨੀ ਇਸਤ੍ਰੀ ਸੋ ਰਤਿ ਹੋਈ ॥** ਰਹਤਵਾਨ ਗੁਰਸਿਖ ਸੋਈ ॥

(ਭਾਈ ਦੇਸਾ ਸਿੰਘ ਜੀ)

੬. **ਪਰਨਾਰੀ**, ਜੂਆ, ਅਸੱਤ, ਚੋਰੀ, ਮਦਿਰਾ ਜਾਨ ॥ ਪਾਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ ॥

(ਭਾਈ ਦੇਸਾ ਸਿੰਘ ਜੀ)

੭. **ਪਰ ਇਸਤ੍ਰੀ ਸਿਉ ਨੇਹ ਲਗਾਵੈ ਗੋਬਿੰਦ ਸਿੰਘ, ਵਹ ਸਿਖ ਨ ਭਾਵੈ ॥**

(ਦੀਵਾਨ ਭਾ. ਨੰਦ ਲਾਲ ਸਿੰਘ ਜੀ)

**ਗੁਰਬਾਣੀ ਚੋਂ**

੮. **ਪਰਤ੍ਰਿਆ ਰੂਪੁ ਨ ਪੇਖੈ ਨੇਤ੍ਰ**

(ਸੁਖਮਨੀ ਸਾਹਿਬ ਅਸ਼ਟਪਦੀ ੬)

੯. **ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ ॥**

(ਵਾਰ ਗਉੜੀ ਮ: ੪)

੧੦. ਬਿਸਾਰਿ ਹਰਿਜੀਓ ਬਿਖੈ ਭੋਗਹਿ, ਤਪਤ ਥਮ ਗਲਿ ਲਾਇ ॥ **ਰੇ ਨਰ ਕਾਇ ਪਰ ਗ੍ਰਿਹਿ ਜਾਇ ॥**

(ਮਾਰੂ ਮ: ੫)

ਸਿਖ ਗੁਰੂ ਹੁਕਮ ਨੂੰ ਸਿਰ ਮਥੇ ਪਰਵਾਨ ਕਰਦਾ ਹੈ। ਕਰੇ ਵੀ ਕਿਉਂ ਨ ਜਦ ਬਣ ਹੀ ਸਿਖ ਗਿਆ ਤਾਂ ਫੇਰ ਆਪਣੀ ਮਨਿ ਮਤਿ ਦਾ ਸਵਾਲ ਹੀ ਕੀ ਹੈ। ਗੁਰਸਿਖ ਸ਼ਬਦ ਤੋਂ ਇਹ ਸਪਸ਼ਟ ਹੈ ਕਿ ਗੁਰੂ ਦੀ ਸਿਖਿਆ ਤੇ ਚਲਣ ਵਾਲਾ। ਫਕੀਰ ਹੋ ਕੇ ਅਜੇ ਮਾਣ ਕਰਦਾ ਹੈ ਤਾਂ ਉਹ ਫਕੀਰ ਕਾਹਦਾ। ਫਕੀਰ ਕੀ ਤੇ ਮਾਣ ਕੀ। ਸਿਖ ਹੋਕੇ ਅਜੇ ਆਪਣੀ ਮਨ ਮਤਿ, ਹੂੜ ਮਤਦਾ ਤਿਆਗ ਨਹੀਂ ਕਰਦਾ ਤੇ ਆਰਾਮ ਭਾਲਦਾ ਹੈ ਉਹ ਸਿਖ ਹੀ ਕਾਹਦਾ। ਇਸ ਲਈ ਉਪਰਲੇ ਹੁਕਮ **"ਏਕਾ ਨਾਰੀ ਜਤੀ ਹੋਇ"** ਦੀ ਮਨ ਬਚ-ਕਰਮ ਕਰ ਕੇ ਪਾਲਨਾ ਕਰਨ ਹਾਰੇ ਗੁਰਸਿਖ ਨੂੰ ਕਾਮਵਾਸ਼ਨਾ ਤੇ ਕਿਧਰੇ ਰਹੀ ਬਲਕਿ ਇੰਦ੍ਰ ਪੁਰੀ ਦੀਆਂ ਮੋਹਣੀਆਂ, ਲਖ ਅਪਛੱਰਾਂ ਹੂਰਾਂ ਪਰੀਆ, ਤੇ ਕੀ ਲਖ ਨਵ ਜੋਬਨੀ ਕਉਲਾ, ਪਦਮਣੀਆਂ ਤੇ ਕਾਮਣਿਆਰੀਆਂ ਪੋਹ ਹੀ ਨਹੀਂ ਸਕਦੀਆਂ। ਇਸਦਾ ਭਾ: ਸਾਹਿਬ ਭਾਈ ਗੁਰਦਾਸ ਜੀ ਕਿਤਨਾ ਸੁੰਦਰ ਹੂਬਹੂ ਨਕਸ਼ਾ ਖਿਚ ਕੇ ਕਲਮ ਬੰਦ ਕਰਦੇ ਹਨ ਤੇ ਤਤ ਕਢਦੇ ਹਨ ਕਿ **ਗੁਰ ਸਿਖ ਪੋਹਿ ਨ ਸਕਨੀ ਸਾਧ ਸੰਗਤ ਭਾਰੀ ॥** ਲਖ ਕਾਮਣ ਲਖ ਕਾਮ ਰੂਪ ਲਖ ਕਾਮਣਿਆਰੀ ॥ ਸੰਗਲ ਦੀਪੰਹੁ ਪਦਮਣੀ ਬਹੁ ਰੂਪ ਸੀਗਾਰੀ ॥ ਮੋਹਣੀਆਂ ਇੰਦ੍ਰਾ ਪੁਰੀ, ਅਪਛਰਾਂ ਸੁਚਾਰੀ ॥ ਹੂਰਾ ਪਰੀਆਂ ਲਖ ਲਖ ਬਹਿਸ਼ਤ ਸਵਾਰੀ ॥ ਲਖ ਕਉਲਾ ਨਵ ਜੋਬਨੀ ਲਖ ਕਾਮ ਕਰਾਰੀ ॥ **ਗੁਰਸਿਖ ਪੋਹਿ ਨ ਸਕਨੀ ਸਾਧ ਸੰਗਤਿ ਭਾਰੀ ॥**

(ਵਾਰ ੩੮, ਪਉੜੀ ੨)

**ਗੁਰਸਿਖ ਇੰਦ੍ਰਯ ਸੁਖਾ ਤੋਂ ਉਚਾ ਮਨਬੁਧੀ ਤੋਂ ਉਚਾ ਸਤੋਗੁਣੀ ਤੋਂ ਉਚਾ, ਆਤਮ ਸੁਖਾਂ ਤੋਂ ਉਚਾ ਪਰਮ, ਪਿਰਮ, ਰਸ ਵਿਸਮਾਦ ਤੋਂ ਉਚਾ ਉਠ ਕੇ ਮਾਇਆ ਵਿਚ ਖੇਲਦਾ ਹੋਇਆ ਸੰਸਾਰ ਵਿਚ ਵਿਚਰਦਾ ਹੋਇਆ ਅਪਨੀ ਸੁਰਤੀ ਨੂੰ ਉਸ ਅਕਾਲ ਪੁਰਖ ਗੁਰਤਾਰ**



www.AKJ.Org

ਦੇ ਪਵਿਤ੍ਰ ਚਰਨ ਕਮਲਾ ਵਿਖੇ ਇਸ ਪ੍ਰਕਾਰ ਜੋੜੀ ਰਖਦਾ ਹੈ ਜੈਸੇ ਪਾਣੀ ਅੰਦਰਿ ਰਹਿੰਦਾ ਹੋਇਆ ਕਮਲ ਨਿਰਲੇਪ ਰਹਿੰਦਾ ਹੈ ਜੈਸੇ ਕਿ ਗੁਰੂ ਨਾਨਕ ਸਾਹਿਬ ਜੀ ਫੁਰਮਾਨ ਕਰਦੇ ਹਨ।

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ ॥ ਸੁਰਤਿ ਸ਼ਬਦਿ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ ॥

(ਰਾਮ ਕਲੀ ਮ: ੧ ਸਿਧਗੋਸਟ)

੧. "ਗੁਰਸਿਖ ਇੰਦ੍ਰਯ ਸੁਖਾਂ ਤੋਂ ਉਚਾ ਕਿਵੇਂ ਰਹਿੰਦਾ ਹੈ ॥ ਰੂਪ **ਅਨੂਪ**[1] ਸਰੂਪ ਲੱਖ ਹੋਇ ਰੰਗ **ਬਿਰੰਗੀ**[2] ॥ ਰਾਗਨਾਦ ਸੰਬਾਦ ਲਖ ਸੰਗਤ ਅਭੰਗੀ ॥ ਗੁੰਦ ਸੁਗੰਧਿ ਮਿਲਾਪ ਲਖ **ਅਰਗਜੇ**[3] **ਅਦੰਗੀ**[4] ॥ ਛਤੀਹ ਭੋਜਨ **ਪਾਕਸਾਲ**[5] ਰਸ ਭੋਗ **ਸੁਢੰਗੀ**[6] ॥ ਪਾਟਪਟੰਬਰ ਗਹਿਣਿਆਂ ਸੋਹਹਿ ਸਰਬੰਗੀ ॥ **ਗੁਰਮੁਖ ਸੁਖਫਲ ਅਗਮ ਗੁਰਸਿਖ ਸੁਹਲੰਗੀ**[7] ॥

(ਵਾਰ ੩੯ ਪਉੜੀ ੧੪)

੧. ਉਪਮਾ ਰਹਿਤ, ੨. ਇਕ ਰਸ ੩. ਬਹੁਤਆਂ ਸੁਗੰਧੀਆਂ ਦਾ ਮਿਲਾਕੇ ਕਢਿਆ ਤੱਤ ੪. ਸ਼ੁੱਧ ੫. ਰਸੋਈ ੬. ਸੁਚੱਜੇ ੭. ਸਾਥ ਕਰਕੇ

## ੨. ਗੁਰਸਿਖ ਮਨਬੁਧੀ ਦੇ ਸੁਖਾਂ ਤੋਂ ਉਚਾ ਹੈ ॥

ਲਖ **ਮਤਿ**[1] ਬੁਧਿ ਸੁਧ ਉਕਤ ਲਖ ਲਖ ਚਤੁਰਾਈ ॥ ਲਖ ਬਲ ਬਚਨ ਬਿਬੇਕ ਲਖ ਪਰਕਿਰਤਿ[2] ਕਮਾਈ ॥ ਲਖ ਸਿਆਣਪਾ ਸੁਰਤਿ ਲਖ ਲਖ ਸੁਰਤਿ ਘੜਾਈ[3] ॥ ਗਿਆਨ ਧਿਆਨ ਸਿਮਰਣ ਸਹਜ ਲਖ ਪਤਿ ਵਡਿਆਈ ॥ ਹਉਮੈ ਅੰਦਰਿ ਵਰਤਣਾ ਦਰ ਥਾਇ ਨਾ ਪਾਈ ॥ ਗੁਰ ਮੁਖਿ ਸੁਖਫਲ ਅਗਮ ਹੈ ਸਤਿਗੁਰ ਸਰਣਾਈ ॥

(ਵਾਰ ੩੯ ਪਉੜੀ ੧੫)

੧. ਵਿਵਾਹਾਰਕ ਮਤ ਤੇ ਪ੍ਰਮਾਰਥਕ ਬੁਧੀਆਂ ੨. ਸਰੀਰ ਦੀ ਕਮਾਈ ੩. ਲਖ ਘਾੜਤਾ ਦਾ ਗਿਆਤਾ)

## ੩. ਗੁਰਸਿਖ ਸਤੋਗੁਣੀ ਸੁਖਾਂ ਤੋਂ ਉਚਾ ਹੈ।

ਸਤਸੰਤੋਖ ਦਇਆ ਧਰਮ ਲਖ ਅਰਥ ਮਿਲਾਹੀ ॥
ਧਰਤਿ ਅਗਾਸ ਪਾਣੀ ਪਵਣ ਲਖ ਤੇਜ[1] ਤਪਾਹੀ ॥
ਖਿਮਾ ਧੀਰਜ ਲਖ ਲਖ ਮਿਲ ਸੋਭਾ ਸਰਮਾਹੀ[2] ॥
ਸਾਤਿ ਸਹਜ ਸੁਖ ਸੁਕ੍ਰਿਤਾ[3] ਭਾਉ ਭਗਤਿ ਕਰਾਹੀ॥
ਸਗਲ ਪਦਾਰਥ ਸਗਲ ਫਲ ਆਨੰਦ ਵਧਾਹੀ ॥
ਗੁਰਮੁਖਿ ਸੁਖਫਲ ਪਿਰਮ ਰਸ ਇਕਤਿਲਨ ਪੁਜਾਹੀ ॥

(ਵਾਰ ੩੯ ਪਉੜੀ ੧੬)

(੧. ਅਗਨੀ ੨. ਵਿਰਾਗ ਧਾਰਨਾ ੩. ਪੁਨ ਕਰਮ)

## ੪. ਗੁਰਸਿਖ ਆਤਮ ਸੁਖਾਂ ਤੋਂ ਉਚਾ ਹੈ।

ਲਖ ਲਖ ਜੋਗ ਧਿਆਨ ਮਿਲ ਧਰਧਯਾਨ ਬਹਦੇ ॥
ਲਖ ਲਖ ਸੁਨ[1] ਸਮਾਧਿ ਸਾਧ ਨਿਜਆਸਣ ਸਦੇ ॥
ਲਖ ਸੇਖ ਸਿਮਰਣ ਕਰਹਿ ਗੁਣ ਗਿਆਨ ਗਣੰਦੇ ॥
ਮਹਿਮਾ ਲਖ ਮਹਾਤਮਾ ਨਮਸਕਾਰ ਜੈਕਾਰ ਕਰੰਦੇ ॥
ਉਸਤਤਿ ਉਪਮਾ ਲਖ ਲਖ ਲਖ ਭਗਤ ਜਪਦੇ ॥
ਗੁਰਮੁਖਿ ਸੁਖ ਫਲ ਪਿਰਮ ਰਸ ਇਕ ਪਲ ਨ ਲਹਦੇ ॥

(੧. ਅਫਰ ਸਮਾਧਿ)

(ਵਾਰ ੩੯ ਪਉੜੀ ੧੭)



www.AKJ.Org

## ੫. ਗੁਰਸਿਖ ਪਿਰਮ ਰਸ ਵਿਸਮਾਦ ਤੋਂ ਉਚਾ ਹੈ।

ਆਚਰਜ ਨੋਂ ਆਚਰਜ ਹੈ ਆਚਰਜ ਹੋਵਦਾ ॥ ਵਿਸਮਾਦੇ ਵਿਸਮਾਦ ਹੈ ਵਿਸਮਾਦ ਰਹਦਾ ॥ ਹੈਰਾਣੈ ਹੈਰਾਣ ਹੈ ਹੈਰਾਣ ਕਰਦਾ ॥ ਅਬਿਗਤਹੁ ਅਬਗਤੀ ਹੈ ਨਹਿ ਅਲਖ ਲਖਦਾ ॥ ਅਕਥਹੁ ਅਕਥ ਹੈ ਨਿਤ ਨੇਤਿ ਸੁਣਦਾ ॥ ਗੁਰਮੁਖਿ ਸੁਖ ਫਲ ਪਿਰਮ ਰਸ ਵਾਹੁ ਵਾਹੁ ਚਵਦਾ ॥

(ਵਾਰ ੩੮ ਪਉੜੀ ੧੮)

ਕਬੀਰ ਸਾਹਿਬ ਜੀ, ਛਿਅ ਜਤੀ ਮਾਇਆ ਕੇ ਬੰਧਾ, ਪੰਕਤੀ ਵਿਚ ਜੋ ਮਾਇਆ ਦੇ ਬਾਹਰ ਕਹਿੰਦੇ ਹਨ ਉਸਦਾ ਇਹ ਭਾਵ ਬਿਲਕੁਲ ਨਹੀਂ ਹੈ ਕਿ ਜਤੀ ਮਾਇਆ ਨੂੰ ਹਥ ਨ ਲਾਇ। ਐਸਾ ਕਦਾਚਿਤ ਨਹੀਂ ਹੈ। ਇਸ ਨੂੰ ਸਮਝਾਨ ਲਈ ਕਬੀਰ ਸਾਹਿਬ ਜੀ ਕਿਤਨਾ ਹਛਾ ਲਿਖਦੇ ਹਨ ਕਿ "ਕਬੀਰ ਮਾਇਆ ਦੋਇ ਭਾਂਤਿ ਹੈ ਦੋਇ ਚਲਾਇ ਰਾਹ ॥ ਇਕ ਸ੍ਵਰਗ ਲੈ ਜਾਤ ਹੈ ਇਕ ਨਰਕ ਲੈ ਜਾਹ ॥

ਤਾਂ ਤੇ ਸਪਸ਼ਟ ਹੋਇਆ ਕਿ ਗੁਰਸਿਖ ਮਾਇਆ ਤੇ ਰਾਜ ਕਰਦਾ ਹੈ ਪਰ ਮਨਮੁਖ ਤੇ ਮਾਇਆ ਰਾਜ ਕਰਦੀ ਹੈ। ਗੁਰਸਿਖ ਮਾਇਆ ਨੂੰ ਅਪਨੀ ਮਰਜ਼ੀ ਮੁਤਾਬਕ ਭਲੇ ਪਾਸੇ ਲਗਾਂਦਾ ਹੈ ਤੇ ਇਹ ਮਾਇਆ ਉਸ ਕੋਲ ਰਹਿ ਕੇ ਸੋਭਾ ਦੇਨ ਵਾਲੇ ਕੰਮ ਕਰਾਉਂਦੀ ਹੈ।

ਹਾਂ ਜੀ ਛਿਅ ਜਤੀ ਤਾਂ ਮਾਇਆ ਦੇ ਪ੍ਰਭਾਵ ਥਲੇ ਰਹੇ ਪਰ ਗੁਰਸਿਖ ਤਾ ਮਾਇਆ ਵਿਚ ਰਹਿੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ ॥ ਇਸ ਬਾਰੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਭਲੀ ਪ੍ਰਕਾਰ ਸਿਧ ਹੋ ਜਾਂਦਾ ਹੈ।

## ਭਾਈ ਸਾਹਿਬ ਭਾਈ ਗੁਰਦਾਸ ਜੀ

੧. ਜੈਸੇ ਏਕ ਸਮੇਂ ਦ੍ਰਮ ਸਫਲ ਸਪਤ੍ਰ ਪੁਨ
ਏਕ ਸਮੈ ਫੂਲ ਫਲ ਪਤ੍ਰ ਗਿਰ ਜਾਤ ਹੈ ॥
ਸਰਿਤਾ ਸਲਲ ਜੈਸੇ, ਕਬਹੂ ਸਮਾਨ ਬਹੈ।
ਕਬਹੂ ਅਥਾਹ ਅਤਿ ਪ੍ਰਬਲ ਦਿਖਾਤ ਹੈ ॥
ਏਕ ਸਮੈ ਜੈਸੇ ਹੀਰਾ ਹੋਤ ਜੀਰਨਾਧਰ ਮੈ,
ਏਕ ਸਮੈਂ ਕਚੰਨ ਜੜੇਂ ਜਗਮਗਾਤ ਹੈ ॥
ਤੈਸੇ ਗੁਰਸਿਖ ਰਾਜ ਕੁਆਰ ਜੋਗੀਸਰ ਹੈ,
ਮਾਯਾਧਾਰੀ ਭਾਰੀ, ਜੋਗ ਜੁਗਤਿ ਜੁਗਾਤਿ ਹੈ ॥

(ਕਬਿਤ ਭਾਈ ਗੁਰਦਾਸ ਜੀ ੪੯੭ ॥ )

੨. ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰ ਕਰਨਿ ਉਦਾਸੀ।

੩. ਗੁਰਮੁਖਿ ਸਾਸ ਗ੍ਰਿਾਸ ਨਉ ਚਿਤਾਰਿਆ ॥ ਮਾਇਆ ਵਿਚ ਉਦਾਸ ਗਰਬਨਿਵਾਰਿਆ ॥

(ਵਾਰ ੨੨ ਪਉੜੀ ੧੯)

ਤਾਂ ਤੇ ਸਿਧ ਹੋਇਆ ਕਿ ਗੁਰਸਿਖ ਮਾਇਆ ਧਾਰੀ ਅਤੇ ਸ਼ਾਦੀ ਸ਼ੁਦਾ ਹੁੰਦਾ ਹੋਇਆ ਵੀ ਮਹਾਨ ਜਤੀ ਹੈ ਤੇ ਗੁਰੂ ਸਾਹਿਬ ਐਸੈ ਗੁਰਸਿਖ ਨੂੰ ਕਿਤਨਾ ਵਡਾਉਂਦੇ ਹਨ ਕਿ "ਸਭ ਦੂ ਵਡੇ ਭਾਗ ਗੁਰਸਿਖਾਂ ਕੇ ਜੋ ਗੁਰਚਰਣੀ ਸਿਖ ਪੜਤਿਆਂ ॥

੧. ਧੰਨੁ ਧੰਨੁ ਭਾਗ ਤਿਨਾ ਭਗਤ ਜਨਾ, ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥ ਧਨੁ ਧਨੁ ਭਾਗ ਤਿਨਾ ਸੰਤ ਜਨਾ, ਜੋ ਹਰਿ ਜਸ ਸ੍ਰਵਣੀ ਸੁਣਤਿਆ। ਧਨੁ ਧਨੁ ਭਾਗ ਤਿਨਾ ਸਾਧ ਜਨਾ, ਹਰਿ ਕੀਰਤਨੁ ਗਾਇ, ਗੁਣੀ ਜਨ ਬਣਤਿਆ ॥ ਧਨੁ ਧਨੁ ਭਾਗ ਤਿਨਾ ਗੁਰਮੁਖਾਂ ਜੋ ਗੁਰ ਸਿਖ ਲੈ ਮਨੁ ਜਿਣਤਿਆ ॥ ਸਭ ਦੂ ਵਡੇ ਭਾਗ ਗੁਰਸਿਖਾ ਕੇ, ਜੋ ਗੁਰਚਰਣੀ ਸਿਖ ਪੜਤਿਆ ॥

(ਸੋਰਠ ਦੀ ਵਾਰ ਪਉੜੀ)

੨. ਗੁਰਸਿਖ ਸਿਖ ਗੁਰੂ ਹੈ ਏਕੋ ਉਪਦੇਸ ਚਲਾਇ ॥ ਇਸੇ ਲਈ ਤਾ ਆਨ ਮਤ ਮਤਾਂਤ੍ਰ ਗੁਰਸਿਖੀ ਦੇ ਤੁਲ ਨਹੀਂ ਪਹੁੰਚ ਸਕਦੇ। ਭਾਈ ਗੁਰਦਾਸ ਜੀ ਰਚਨਾ ਇਸ ਨੂੰ ਭਲੀ ਭਾਂਤਿ ਸਪਸ਼ਟ ਕਰ ਦੇਂਦੀ ਹੈ। ਕੇਵਲ ਟੂਕਾਂ ਹੀ ਇਥੇ ਦਿਤੀਆਂ ਜਾਂਦੀਆਂ ਹਨ।



www.AKJ.Org

੧. ਗੁਰਸਿਖ ਰੋਮ ਨ ਪੁਜਨੀ ਧੁਰ ਆਦਿ ਜੁਗਾਦੇ ॥ ਵਾਰ ੩੯ ਪਉੜੀ ੧੦

੨. ਗੁਰਸਿਖ ਰੋਮ ਨ ਪੁਜਨੀ ਗੁਰ ਹਟ ਵਿਕਾਣੇ ਵਾਰ ੩੯ ਪਉੜੀ ੧੧

੩. ਗੁਰਸਿਖ ਰੋਮ ਨ ਪੁਜਨੀ ਜੋ ਆਪ ਗਵਾਇ ਵਾਰ ੩੯ ਪਉੜੀ ੯

ਵੈਸੇ ਤਾਂ ਇਹ ਇਕ ਐਸਾ ਰੋਚਕ ਵਿਸ਼ੇ ਹੈ ਜਿਸ ਨੂੰ ਵਿਸਥਾਰ ਨਾਲ ਲਿਖਨ ਲਗਿਆਂ ਮੁਕਦਾ ਹੀ ਨਹੀਂ। ਪਰ ਇਸ਼ਾਰੇ ਮਾਤਰ ਇਤਨਾ ਹੀ ਲਿਖਨਾ ਕਾਫੀ ਹੋਇਗਾ।

ਖਾਸ ਕਰ ਅਜ ਕਲ ਦੇ ਨੌਜਵਾਨ ਬਚੇ ਬਚੀਆਂ ਗੁਰਸਿਖ ਘਰਾਣਿਆਂ ਦੇ, ਜੋ ਜ਼ਮਾਨੇ ਦੀ ਨਵੀਂ ਰੋਸ਼ਨੀ ਦੀ ਆੜ ਵਿਚ ਅਥਵਾ ਸਕੂਲਾਂ ਅਤੇ ਕਾਲਜਾਂ ਦੀ ਖੁਲੀ ਆਜ਼ਾਦੀ ਦੇ ਫੈਸ਼ਨ ਪਰਸਤੀ ਦੇ ਨਾਲ ਨਾਲ ਹੋਰ ਕੀ ਕੁਝ ਨਹੀਂ ਕਰ ਰਹੇ ਉਨ੍ਹਾਂ ਦੇ ਚਰਨਾ ਵਿਚ ਇਹ ਛੋਟਾ ਜੇਹਾ ਲੇਖ ਭੇਟਾ ਕਰਨ ਦੀ ਤੁਛ ਬੁਧੀ ਮੁਤਾਬਕ ਸੇਵਾ ਕਰਨ ਦਾ ਹੀਲਾ ਕੀਤਾ ਹੈ। ਜੇ ਕਰ ਇਸ ਲੇਖ ਨੂੰ ਪੜ ਕੇ 'ਇਕਾ ਨਾਰੀ ਜਤੀ ਹੋਇ ਦੀ ਪੰਕਤੀ' ਇਕ ਬਚੇ ਬਚੀ ਦੇ ਜੀਵਨ ਤੇ ਘਟ ਗਈ ਤਾਂ ਦਾਸ ਇਹ ਕੀਤੀ ਸੇਵਾ ਸਫਲ ਹੋਇ ਸਮਝੇ ਗਾ॥ ਤਾਂ ਤੇ ਇਸ ਲੇਖ ਦਾ ਸਾਰ ਇਹ ਹੀ ਹੈ ਕਿ ਹਰ ਇਕ ਪ੍ਰਾਣੀ ਨੂੰ ਗੁਰਸਿਖ ਜਤੀ ਬਨਨਾ ਚਾਹੀਦਾ ਹੈ।

ਗੁਰਸਿਖਾਂ ਦੇ ਚਰਣਕਮਲਾਂ ਦੀ
ਧੂੜ ਦਾ ਅਭਿਲਾਖੀ ਕੂਕਰ
ਮਾਲਿਕ ਸਿੰਘ

—o—

## ਲੇਖਕ ਸੱਜਣਾਂ ਦੀ ਸੇਵਾ ਵਿਚ ਬੇਨਤੀਆਂ

* ਮਾਸਕ ਪੱਤਰ "ਸੂਰਾ" ਲਈ ਭੇਜੀ ਜਾਣ ਵਾਲੀਆਂ ਰਚਨਾਵਾਂ ਅਣਛਪੀਆਂ ਅਤੇ ਇਸ ਪਰਚੇ ਲਈ ਹੀ ਵਿਸ਼ੇਸ਼ ਹੋਣੀਆਂ ਚਾਹੀਦੀਆਂ ਹਨ।
* ਲੇਖ ਗੁਰਬਾਣੀ ਦੇ ਅਧਾਰ ਤੇ ਗੁਰਮਤਿ ਸਬੰਧੀ ਵਿਚਾਰਾਂ, ਅਤੇ ਸਿਖ ਇਤਿਹਾਸ ਨਾਲ ਸੰਬੰਦਤ ਹੋਣੇ ਜ਼ਰੂਰੀ ਹਨ।
* ਇਹ ਜ਼ਰੂਰੀ ਨਹੀਂ ਕਿ ਹਰ ਇਕ ਲੇਖ ਛਪ ਸਕੇ। ਲੇਖ ਨਾਲ ਐਡੀਟਰ ਅਤੇ ਸਲਾਹਕਾਰ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਹੈ। ਲੇਖ ਨਾ ਛਪ ਸਕਣ ਦੀ ਸੂਰਤ ਵਿਚ ਲੇਖਕ ਸਜਣ ਨੂੰ ਧੰਨਵਾਦ ਸਹਿਤ ਵਾਪਸ ਘਲ ਦਿਤਾ ਜਾਵੇਗਾ।
* ਲੇਖਾਂ ਵਿਚ ਗੁਰਬਾਣੀ, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਸਿੰਘ ਜੀ ਤੇ ਰਹਿਤ ਨਾਮਿਆਂ ਆਦਿ ਦੀਆਂ ਤੁਕਾਂ ਸੋਧ ਕੇ ਲਿਖੀਆਂ ਹੋਣੀਆਂ ਚਾਹੀਦੀਆਂ ਹਨ ਹਰ ਦਿਤੀ ਹੋਈ ਤੁਕ ਨਾਲ ਪੰਨਾ ਜਾ ਅੰਕ ਜ਼ਰੂਰ ਦਿਤੇ ਹੋਣੇ ਚਾਹੀਦੇ ਹਨ।
* ਲੇਖ ਕਾਗਜ ਦੇ ਇਕ ਪਾਸੇ, ਸਵਾ ਕੁ ਇੰਚ ਹਾਸ਼ੀਆ ਛਡ ਕੇ ਸਾਫ ਸੁਥਰੇ ਲਿਖੇ ਹੋਏ ਹਰ ਮਹੀਨੇ ਦੀ ਦਸ ਤਾਰੀਖ ਤਕ ਹੇਠ ਲਿਖੇ ਐਡਰੈਸ ਤੇ ਜ਼ਰੂਰ ਬ ਜ਼ਰੂਰ ਪੁਜ ਜਾਣੇ ਚਾਹੀਦੇ ਹਨ।

ਮੈਨੇਜਰ "ਸੂਰਾ"
੫੯੩—੩ ਖਾਲਸਾ ਮਹਲਾ,
ਪਟਿਆਲਾ।



www.AKJ.Org

# ਗੁਰਸਿਖ ਕੌਣ ਹੈ ?

(ਭਾਈ ਸਾਹਿਬ ਮਨਮੋਹਨ ਸਿੰਘ ਜੀ M. Sc. ਜੈ ਪੁਰ (U.P.)
ਲੜੀ ਜੋੜਨ ਲਈ ਵੇਖੋ ਅਗਸਤ ਦਾ ਪਰਚਾ

(੩)

## ਗੁਰਮੂਰਤ ਗੁਰ ਸ਼ਬਦ ਹੈ

ਹੁਣ ਤਕ ਇਸ ਗਲ ਦਾ ਨਿਰਣਾ ਹੋ ਚੁਕਾ ਹੈ ਕਿ ਜਦੋਂ ਦਸੇ ਗੁਰ ਵਿਅਕਤੀਆਂ ਸਰੀਰਕ ਜਾਮਿਆਂ ਵਿਚ ਵਿਚਰ ਰਹੀਆਂ ਸਨ ਤਾਂ ਉਹਨਾਂ ਵਿਚ 'ਜੋਤਿ' ਸੀ ਜੋ ਕਿ ਉਨ੍ਹਾਂ ਨੂੰ ਸਤਿਗੁਰੂ ਦਾ ਦਰਜਾ ਦਿਵਾ ਰਹੀ ਸੀ। ਉਨ੍ਹਾਂ ਦਾ ਸਰੀਰ ਗੁਰੂ ਨਹੀਂ ਸੀ। ਜੇ ਕਰ ਸਰੀਰ ਹੀ ਗੁਰੂ ਹੁੰਦਾ ਤਾਂ ਦਸ ਜਾਮੇ ਇਕੋ ਗੁਰੂ ਦਾ ਰੂਪ ਨਹੀਂ ਸਨ ਹੋਸਕਦੇ ਭਾਈ ਲਹਿਣਾ ਜੀ 'ਗੁਰੂ ਅੰਗਦ' ਕਦੋਂ ਬਣੇ ? ਜਦੋਂ ਉਹ ਅਕਾਲੀ ਜੋਤਿ ਜੋ ਸਤ ਗੁਰੂ ਨਾਨਕ ਜੀ ਅੰਦਰ ਸਮਾ ਰਹੀ ਸੀ, ਉਹ ਲਹਿਣੇ ਜੀ ਅੰਦਰ ਪਰਵਿਰਤ ਹੋ ਗਈ।

ਭਾਵ ਗੁਰੂ ਨਾਨਕ ਜੋਤਿ ਨੇ ਸਰੀਰ ਜਾਂ ਕਾਇਆ ਪਲਟ ਲਈ :—

"ਨਾਨਕ ਕਾਇਆ ਪਲਟ ਕਰ, ਮਲ ਤਖਤ ਬੈਠਾ ਸੈਡਾਲੀ ॥" ਸੋ ਅਸਲ ਵਿਚ ਗੁਰੂ, ਗੁਰ ਵਿਅਕਤੀਆਂ ਦਾ ਸਰੀਰ ਨਹੀਂ। ਅਸਲ ਗੁਰੂ ਤਾਂ ਗੁਰੂ ਨਾਨਕ ਵਿਚ ਅਕਾਲੀ ਜੋਤਿ ਹੈ ਜੋ ਕਿ ਬਾਕੀ ਦੀਆਂ ਗਰਵਿਅਕਤੀਆਂ ਵਾਰੀ ਵਾਰੀ ਨਿਵਾਸ ਕਰਕੇ ਪਰਗਟ ਹੁੰਦੀ ਰਹੀ।

ਸ੍ਰੀ ਗੁਰੂ ਹਰਕਿਸ਼ਨ ਜੀ ਅਠਵੇਂ ਗੁਰੂ ਨਾਨਕ-ਬਾਲਾ ਗੁਰੂ ਦਾ ਵਚਿਤ੍ਰ ਜੀਵਨ ਇਸ ਗੁਰੂ ਜਯੋਤੀ ਦੀ ਹੋਂਦ ਨੂੰ ਹੋਰ ਵੀ ਸਪਸ਼ਟ ਪ੍ਰਗਟਾ ਦਿੰਦਾ ਹੈ। ਗੁਰੂ ਵਿਅਕਤੀ ਲਈ ਉਮਰ, ਸਰੀਰ ਜਾਂ ਸਿਹਤ ਆਦਿ ਦੀ ਮਹਤਤਾ ਨਹੀਂ ਸੀ। ਉਨ੍ਹਾਂ ਵਿਚ ਗੁਰੂ ਸ਼ਕਤੀ ਸਰੀਰਕ ਬਿਵਸਥਾ ਕਰਕੇ ਨਹੀਂ ਬਲਕਿ ਗੁਰੂ ਜਯੋਤੀ ਦੇ ਪਰਵੇਸ਼ ਕਰਕੇ ਸੀ। ਜਦੋਂ ਪਿਤਾ ਗੁਰੂ ਸ੍ਰੀ ਹਰ ਰਾਇ ਜੀ ਨੇ ਗੁਰਗੱਦੀ ਦੀ ਸੌਂਪਨਾ ਸ੍ਰੀ ਹਰਕਿਸ਼ਨ ਜੀ ਨੂੰ ਕੀਤੀ ਤਾਂ ਉਹਨਾਂ ਦੀ ਸੰਸਾਰਕ ਅਵਸਥਾ ਕੇਵਲ ਪੰਜ ਬਰਸ ਦੀ ਸੀ। ਇਸ ਬਾਲ ਅਵਸਥਾ ਕਾਰਨ ਅਣਜਾਣ ਤੇ ਗੁਰਮਤਿ ਰਮਜ਼ਾਂ ਤੋਂ ਬੇ ਸ਼ਨਾਸ ਲੋਕਾਂ ਨੇ ਸ਼ੰਕਾ ਕੀਤਾ ਕਿ ਆਪ ਇਡੀ ਵਡੀ ਜ਼ਿਮੇਂਦਾਰੀ ਨੂੰ ਨਹੀਂ ਨਿਬਾਹ ਸਕਣਗੇ। ਪਰ :-

ਬਾਲ ਬੈਸ, ਬਿਰਧ, ਗਿਆਨ ਮਹਿ, ਸਮਰਥ ਸ੍ਰੀ ਗੁਰਦੇਵ। ਪਦ ਅਰਵਿੰਦਿਨ ਬੰਦਨਾ, ਮੁਕਤਿ ਪਾਇ ਜਿਨ ਸੇਵ।

ਭਾਵ—ਬਾਲ ਅਵਸਥਾ ਵਿਚ ਬਾਲਕ ਅਚੇਤ ਤੇ ਨਿਰਬਲ ਹੁੰਦਾ ਹੈ। ਤੇ ਅਪਣੇ ਸੇਵਕ ਨੂੰ ਸੰਤਤ ਕੁਛ ਦੇਣ ਤੋਂ ਅਸਮਰਥ ਹੁੰਦਾ ਹੈ। ਪਰ ਸ੍ਰੀ ਹਰਿ ਕਿਸ਼ਨ ਜੀ ਬਾਲ ਅਵਸਥਾ ਦੇ ਬਾਵਜੂਦ ਇਨਾਂ ਤਿਨੇ ਕਮਜ਼ੋਰੀਆਂ ਤੋਂ ਰਹਿਤ ਹਨ। ਉਹ ਗਿਆਨ ਬਿਰਧ ਹਨ, ਪਰਮ ਸਮਰਥ ਹਨ ਅਤੇ ਸੇਵਕਾਂ ਉਤੇ ਬਖਸ਼ਸ਼ ਕਰਦੇ ਹਨ।

ਆਪ ਜੀ ਨੇ ਲਗਭਗ ਢਾਈ ਸਾਲ ਗੁਰੂ ਨਾਨਕ ਗਦੀ ਦੀ ਮਹਾਨ ਜ਼ਿਮੇਂਦਾਰੀ ਸੰਭਾਲੀ। ਇਸੇ ਛੋਟੇ ਜਿਹੇ ਅਰਸੇ ਵਿਚ ਹੀ ਸ਼ੰਕਾਵਾਦੀਆਂ ਦੇ ਸਭ ਸ਼ੰਕੇ ਦੂਰ ਹੋ ਗਏ। ਰਾਮ ਰਾਇ ਜੀ ਵਡੇ ਭਰਾਤਾ ਦੀਆਂ ਧਮਕੀਆਂ ਦੀ ਪਰਵਾਹ ਨ



www.AKJ.Org

ਕਰਨੀ, ਔਰੰਗਜ਼ੇਬ ਦੇ ਦਬਾਅ ਥਲੇ ਨਾ ਆਉਣਾ ਗੂੰਗੇ, ਬਹਿਰੇ ਗਵਾਰ ਮਨੁਸ਼ ਕੋਲੋਂ ਉਸ ਦੇ ਸਿਰ ਤੇ ਆਪਣੀ ਮੇਹਰ ਭਰੀ ਛੜੀ ਰਖਕੇ ਗੀਤਾ ਦੇ ਅਰਥ ਬੋਧ ਸੁਨਵਾਉਣੇ ਤੇ ਧਰਮ ਪਰਚਾਰ ਉਸੇ ਤਰ੍ਹਾਂ ਜਾਰੀ ਰਖਣਾ ਇਹ ਸਭ ਕੁਛ ਨਹੀਂ ਸੀ ਹੋ ਸਕਦਾ ਜੇਕਰ ਕੇਵਲ ਇਹੋ ਹੀ ਵੇਖਿਆ ਜਾਵੇ ਉਨ੍ਹਾਂ ਨੇ ਗੁਰਗਦੀ ਕੇਵਲ ਪੰਜ ਤੋਂ ਸਾਢੇ ਸਤ ਵਰਸ਼ ਦੀ ਬਾਲ ਬਰੇਸ ਵਿਚ ਹੀ ਨਿਭਾਹੀ ਸੀ। ਇਹ ਸਾਰੇ ਕੌਤਕ ਤੇ ਚਮਤਕਾਰ ਇਸੇ ਲਈ ਹੋਏ ਸਨ ਕਿ ਉਨ੍ਹਾਂ ਦੇ ਬਾਲ ਸਰੀਰ ਵਿਚ ਗੁਰੂ ਨਾਨਕ ਜੋਤਿ ਵਿਚਰ ਰਹੀ ਸੀ। ਸਭ ਤੋਂ ਅਖਰੀਲਾ ਪਰ ਸਭ ਤੋਂ ਵਿਸ਼ੇਸ਼ ਕਾਰਜ ਜੋ ਆਪ ਜੀ ਨੇ ਆਪਣੇ ਸਰੀਰਕ ਅੰਤ ਸਮੇਂ, ਆਪਣੇ ਤੋਂ ਪਿਛੋਂ ਹੋਣ ਵਾਲੇ ਗੁਰੂ ਦੀ ਚੋਣ ਸੰਬੰਧੀ ਕੀਤਾ ਇਹ ਤਾਂ ਉਹਨਾਂ ਦੀ ਸਰਬਕਲਾ ਸਮਰਥ ਗੁਰੂ ਜਯੋਤੀ ਸ਼ਕਤੀ ਨੂੰ ਬਿਨਾਂ ਕਿਸੇ ਸ਼ਕ ਤੇ ਸ਼ੰਕੇ ਦੇ ਬਿਲਕੁਲ ਸਪਸ਼ਟ ਤੌਰ ਤੇ ਪ੍ਰਗਟਾ ਦਿੰਦਾ ਹੈ। ਰਾਮ ਰਾਇ ਤੇ ਧੀਰ ਮਲ ਦਾ ਖਿਆਲ ਸੀ ਸ੍ਰੀ ਗੁਰੂ ਜੀ ਬਾਲ ਬਰੇਸ ਕਾਰਨ ਅਗਲੇ ਹੋਣ ਵਾਲੇ ਗੁਰੂ ਦੀ ਯੋਗ ਚੋਣ ਕਰਨ ਤੋਂ ਅਸਮਰਥ ਹੋਣਗੇ ਤੇ ਉਹ ਇਸ ਅਵਸਰ ਨੂੰ ਆਪਣੇ ਨਿਜੀ ਸਵਾਰਥ ਲਈ ਵਰਤ ਸਕਣਗੇ। ਪਰ ਅਸ਼ਟਮ ਪਾਤਸ਼ਾਹ ਜੀ ਨੇ 'ਬਾਬਾ ਬਕਾਲੇ' ਆਖ ਕੇ ਉਹਨਾਂ ਦੀਆਂ ਆਸਾਂ ਤੇ ਇਕ ਵਾਰੀ ਫੇਰ ਪਾਣੀ ਫੇਰ ਦਿਤਾ। 'ਬਾਬਾ-ਬਕਾਲੇ' ਦਾ ਭਾਵ ਸੀ ਕਿ ਗੁਰਗਦੀ ਦਾ ਮਾਲਕ ਬਕਾਲੇ ਪਿੰਡ ਵਿਚ ਹੈ। ਬਾਬਾ ਇਸ ਲਈ ਕਿਹਾ ਸੀ ਕਿ ਗੁਰੂ ਤੇਗ ਬਹਾਦਰ ਜੀ ਰਿਸ਼ਤੇ ਵਿਚ 'ਬਾਬਾ ਜੀ' ਲਗਦੇ ਸਨ ਤੇ ਬਕਾਲੇ ਪਿੰਡ ਵਿਚ ਨਿਵਾਸ ਰਖ ਰਹੇ ਸਨ।

ਏਸੇ ਤਰਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਮਿਸਾਲ ਵੀ ਇਸ ਸਬੰਧ ਵਿਚ ਬੜੀ ਸਪਸ਼ਟ ਤੇ ਪਰਤੱਖ ਹੈ। ਉਨ੍ਹਾਂ ਨੂੰ ੭੩ ਸਾਲ ਦੀ ਅਵਸਥਾ ਵਿਚ ਗੁਰ ਨਾਨਕ ਗਦੀ ਦੀ ਮਹਾਨ ਜ਼ਿਮੇਂਦਾਰੀ ਸੰਭਾਲੀ ਗਈ। ਉਸ ਤੋਂ ਪਹਿਲੇ ਗੁਰੂ ਜੀ ਨੇ ਨ ਤਾਂ ਕੋਈ ਸਹਿਤਕ ਰਚਨਾ ਰਚੀ ਸੀ ਤੇ ਨਾ ਹੀ ਕਵਿਤਾ ਆਦਿ ਦਾ ਸ਼ੌਕ ਇਤਿਹਾਸ ਦਰਸਾਉਂਦਾ ਹੈ। ਗੁਰੂ ਨਾਨਕ ਜੋਤਿ ਦੇ ਆਪ ਜੀ ਦੇ ਅੰਦਰ ਪਰਵੇਸ਼ ਕਰਦਿਆਂ ਤਤ ਸਾਰ ਹੀ ੭੩ ਸਾਲ ਦੇ ਬਿਰਧ ਸਰੀਰ ਵਿਚੋਂ ਆਮੁਹਾਰੇ ਗੁਰਬਾਣੀ ਰੂਪੀ ਕਵਿਤਾ ਦਾ ਪਰਵਾਹ ਚਲ ਪਿਆ। ਉਨ੍ਹਾਂ ਨੇ ੧੭ ਰਾਗਾਂ ਵਿਚ ਗੁਰਬਾਣੀ ਲਿਖੀ। ਸ਼ਬਦਾਂ ਤੋਂ ਉਪਰੰਤ 'ਅਨੰਦ' ਤੇ 'ਪਟੀ' ਆਦਿ ਲੰਮੀਆਂ ਬਾਣੀਆਂ ਵੀ ਰਚੀਆਂ। ਇਹ ਗੁਰਜਯੋਤਿ ਹੀ ਸੀ ਜੋ ਇਹ ਸਾਰੇ ਮਹਾਨ ਕਾਰਜ, ਦੁਨੀਆਵੀ ਪੱਖ ਤੋਂ ਸਤਰੇ ਬਹਤਰੇ ਸਰੀਰ ਪਾਸੋਂ, ਕਰਵਾ ਰਹੀ ਸੀ।

ਇਹਨਾਂ ਉਦਾਹਰਨਾਂ ਤੋਂ ਸਾਫ ਪਰਗਟ ਹੈ ਕਿ ਦਸੇ ਗੁਰ ਵਿਅਕਤੀਆਂ ਸਰੀਰਕ ਜਾਮਿਆਂ ਵਿਚ ਵਿਚਰਨ ਸਮੇਂ ਭੀ, 'ਗੁਰੂ' ਉਨ੍ਹਾਂ ਪਾਵਨ ਸਰੀਰਾਂ ਵਿਚ ਪਰਵੇਸ਼ ਕਰ ਰਹੀ ਉਹ ਜਯੋਤਿ ਹੀ ਸੀ ਜੋ ਕਿ ਪਾਰ ਬਰਹਮ ਅਕਾਲ ਪੁਰਖ ਗੁਰੂ ਨਾਨਕ ਰਾਹੀਂ ਸ੍ਰਿਸ਼ਟੀ ਦੇ ਉਧਾਰ ਲਈ ਘਲੀ ਸੀ। ਇਹ ਜਯੋਤਿ ਗੁਰਸ਼ਬਦ ਜਾਂ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਹੋਈ ਤੇ ਇਸੇ ਗੁਰਸ਼ਬਦ ਰਾਹੀਂ ਹੀ ਅਗਿਆਨਤਾ ਦੇ ਅੰਨੇਰੇ ਨੂੰ ਦੂਰ ਕਰਕੇ ਗਿਆਨ ਰੂਪੀ ਚਾਨਣਾ ਕਰਨ ਦੀ ਗੁਰੂ ਕਾਰ ਸਿਰੇ ਚੜ੍ਹੀ। ਸੋ ਅਸਲ ਵਿਚ ਗੁਰੂ ਕੀ ਹੈ? ਕੇਵਲ ਗੁਰ ਸ਼ਬਦ ਅਥਵਾ ਗੁਰਬਾਣੀ। ਇਸ ਹਕੀਕਤ ਨੂੰ ਦਰਅਸਲ ਗੁਰੂ ਨਾਨਕ ਸਾਹਿਬ ਨੇ ਹੀ ਸਿਧਾਂ ਨਾਲ ਗੋਸ਼ਟ ਸਮੇਂ ਸਪਸ਼ਟ ਅਖਰਾਂ ਵਿਚ ਪਰਗਟ ਕਰ ਦਿਤਾ ਸੀ। ਸਿਧਾਂ ਦੇ ਪੁਛਣ ਤੇ ਕਿ ਤੁਹਾਡਾ ਗੁਰੂ ਕੌਣ ਹੈ? ਆਪ ਨੇ ਫੁਰਮਾਨ ਕੀਤਾ—

ਸ਼ਬਦ ਗੁਰੂ, ਸੁਰਤ ਧੁਨ ਚੇਲਾ॥

ਉਨੀਵੀਂ ਸਦੀ ਵਿਚ ਚੋਟੀ ਦਾ ਵਿਦਵਾਨ ਹੋਇਆ ਹੈ ਜਿਸ ਦਾ ਨਾਮ ਸੀ ਜੌਨ ਰਸਕਿਨ *(John Ruskin)*। ਉਸਦੀ ਇਕ ਅਤਿ ਕੀਮਤੀ ਤੇ ਸਿਖਿਆ ਦਾਇਕ ਪੁਸਤਕ ਹੈ—*The Seame*



www.AKJ.Org

& Lilies) ਉਸ ਪੁਸਤਕ ਵਿਚ ਪਹਿਲਾ ਲੇਖ ਹੈ 'ਬਾਦਸ਼ਾਹ ਤੇ ਉਹਨਾਂ ਦੇ ਖਜ਼ਾਨੇ।" ਪਰੋਫੈਸਰ ਹਰੀ ਸਿੰਘ ਜੀ ਨੇ ਇਸ ਲੇਖ ਵਿਚੋਂ ਕੁਝ ਹਿਸਾ ਉਲਥਾ ਕੇ ਮਾਸਕ ਪਤਰ 'ਸੰਤ ਸਿਪਾਹੀ' (ਸਤੰਬਰ ੧੯੫੬) ਵਿਚ ਇਸ ਤਰ੍ਹਾਂ ਦਿਤਾ ਹੈ

"ਫਰਜ਼ ਕਰੋ ਕਿ ਸੰਸਾਰ ਭਰਦੇ ਚੋਟੀ ਦੇ ਪਰਸਿਧ ਵਿਦਵਾਨ ਤੁਹਾਡੇ ਸ਼ਹਿਰ ਦੇ ਕਿਸੇ ਮਕਾਨ ਦੇ ਇਕ ਖਾਸ ਕਮਰੇ ਵਿਚ ਬੈਠ ਕੇ ਕਿਸੇ ਬੜੇ ਗੰਭੀਰ ਵਿਸ਼ੇ ਤੇ ਪਰਸਪਰ ਮਨੋਹਰ ਗਲ ਬਾਤ ਕਰ ਰਹੇ ਹਨ। ਕਮਰੇ ਦੇ ਦਰਵਾਜ਼ੇ ਬਾਹਰ ਇਕ ਕਮਰਾ ਬਣਿਆ ਹੋਇਆ ਹੈ। ਇਤਫਾਕ ਨਾਲ ਤੁਸੀਂ ਇਸ ਕਮਰੇ ਦੇ ਬਾਹਰ ਦਰਵਾਜ਼ੇ ਦੇ ਪਾਸ ਪਹੁੰਚ ਜਾਂਦੇ ਹੋ। ਅੰਦਰ ਬੈਠੀਆਂ ਮਹਾਨ ਸ਼ਖਸੀਅਤਾਂ ਤੇ ਉਹਨਾਂ ਦੀ ਅਤਿ ਲਾਭ ਦਾਇਕ ਤੇ ਰਸਦਾਇਕ ਵਿਚਾਰ ਦਾ ਤੁਹਾਨੂੰ ਪਤਾ ਲਗਦਾ ਹੈ। ਅੰਦਰ ਜਾਣ ਦੀ ਤੁਹਾਨੂੰ ਆਗਿਆ ਨਹੀਂ ਮਿਲ ਸਕਦੀ। ਪੜਦੇ ਪਿਛੇ ਬਾਹਰ ਬੈਠ ਕੇ ਸਾਰੀ ਗਲਬਾਤ ਸੁਨਣ ਦੀ ਤੁਹਾਨੂੰ ਪਰਵਾਨਗੀ ਦੇ ਦਿਤੀ ਜਾਂਦੀ ਹੈ ਵਾਰਤਾਲਾਪ ਦਾ ਇਕ ਇਕ ਲਫਜ ਬਾਹਰ ਸਾਫ ਸੁਣਾਈ ਦੇ ਰਿਹਾ ਹੈ। ਹੁਣ ਤੁਸੀਂ ਦਸੋ ਕਿ ਐਸੀ ਹਾਲਤ ਵਿਚ ਤੁਸੀਂ ਕੀ ਕਰਨਾ ਪਸੰਦ ਕਰੋਗੇ ? ਕੀ ਅੰਦਰ ਜਾ ਕੇ ਇਨ੍ਹਾਂ ਵਿਦਵਾਨਾ ਦੇ ਚਿਹਰੇ ਦੇਖਣ ਦੀ ਮੂਰਖਤਾ ਭਰੀ ਜ਼ਿਦ ਕਰਕੇ ਇਸ ਕੀਮਤੀ ਮੌਕੇ ਤੋਂ ਲਾਭ ਉਠਾਉਣ ਤੋਂ ਇਨਕਾਰ ਕਰ ਦਿਉਗੇ ? ਜਾਂ ਬੀਬੇ ਰਾਣੇ ਬਣਕੇ ਸਰੀਰ ਤੇ ਚਿਹਰਿਆਂ ਦੇ ਦਰਸ਼ਨਾ ਦੀ ਪਰਵਾਹ ਨ ਕਰਦੇ ਹੋਏ ਉਨ੍ਹਾਂ ਦੇ ਅਮੋਲਕ ਬਚਨਾਂ ਦੀ ਸ੍ਰੋਤ ਦਾ ਲਾਭ ਉਠਾਉਣਾ ਮਨਜ਼ੂਰ ਕਰੋਗੇ ? ਮੈਂ ਸਮਝਦਾ ਹਾਂ ਕਿ ਤੁਹਾਡੇ ਵਿਚੋਂ ਕੋਈ ਵੀ ਸਿਆਣਾ ਆਦਮੀ ਪਹਿਲੀ ਕਿਸਮ ਦੀ ਬੱਜਰ ਭੁਲ ਕਰਨ ਦਾ ਭਾਗੀ ਨਹੀਂ ਬਨਣਾ ਚਾਹੇਗਾ। ਜੇ ਇਹ ਗੱਲ ਠੀਕ ਏ ਤਾਂ ਹੁਣ ਤੁਸੀਂ ਇਸੇ ਮਿਸਾਲ ਨੂੰ ਇਕ ਪੁਸਤਕ ਦੀ ਸ਼ਕਲ ਵਿਚ ਘਟਾ ਕੇ ਦੇਖੋ ਕਿ ਆਯਾ ਇਹ ਇੰਨ ਬਿੰਨ ਠੀਕ ਹੈ ਕਿ ਨਹੀ; ... ... ...

ਆਪਣੇ ਜੀਵਨ ਦਾ ਸਾਰਾ ਦਿਮਾਗੀ ਜਾ ਆਤਮਕ ਤਜਰਬਾ ਉਹਨਾਂ ਆਪਣੀ ਮਨੋਹਰ ਰਚਨਾ ਵਿਚ ਅੰਕਤ ਕਰ ਦਿਤਾ ਹੁੰਦਾ ਹੈ।... ... ਪਰ ਅਸੀਂ ਹਾਂ ਕਿ ਮਹਾਂ ਪੁਰਸਾਂ ਦੇ ਐਸੇ ਕੀਮਤੀ ਖ਼ਜ਼ਾਨਿਆਂ ਦੇ ਭਾਈਵਾਲ ਬਨਣੋ ਕੰਨੀ ਕਤਰਾਂਦੇ ਹਾਂ। ਉਨ੍ਹਾਂ ਦੀ ਪਵਿਤਰ ਸੰਗਤ ਤੋਂ ਦੂਰ ਰਹਿ ਕੇ ਸਾਰੀ ਉਮਰ ਦੇਹ ਧਾਰੀ ਵਯਕਤੀਆਂ ਦੇ ਮੂੰਹ ਦੇਖਣ ਤੇ ਉਨ੍ਹਾਂ ਦੀ ਸੰਖੇਪ ਜਿਹੀ ਗਲ ਬਾਤ ਸੁਨਣ ਲਈ ਹੀ ਬੇ ਸਬਰ ਹੋਏ ਫਿਰਦੇ ਹਾਂ।

ਇਹ ਹਨ ਵੀਚਾਰ ਇਕ ਪਛਮੀ ਵਿਦਵਾਨ ਦੇ ਜੋ ਕਿ ਗੁਰਬਾਣੀ ਦੇ ਗੁਰੂ ਹੋਣ ਦੇ ਸਿਖੀ ਸਿਧਾਂਤ ਨਾਲ ਇੰਨ ਬਿੰਨ ਮੇਲ ਖਾਂਦੇ ਹਨ। ਇਹੋ ਗੁਰਬਾਣੀ ਹੀ ਸ਼ਾਹਾਂ ਦੇ ਸਹਿਨਸ਼ਾਹ ਸ੍ਰੀ ਗੁਰੂ ਸਾਹਿਬਾਨ ਦਾ ਸ਼ਬਦ ਰੂਪ ਖਜ਼ਾਨਾ ਹੈ ਜੋ ਕਿ ਗੁਰਸਿਖਾਂ ਦੇ ਵਿਰਸੇ ਵਿਚ ਆਇਆ ਹੈ ਤੇ ਜਿਸ ਸਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਵਿਤ੍ਰ ਮਹਾਂ ਵਾਕ ਹੈ:—

ਪਿਉ ਦਾਦੇ ਦਾ ਖੋਲ੍ਹਿ ਡਿਠਾ ਖਜ਼ਾਨਾ ॥
ਤਾਂ ਮੇਰੈ ਮਨ ਭਇਆ ਨਿਧਾਨਾ ॥
ਰਤਨ ਲਾਲ ਜਾਕਾ ਕਛੂ ਨਾ ਮੋਲ ॥
ਭਰੇ ਭੰਡਾਰ ਅਖੂਟ ਅਤੋਲ ॥

ਨਾਲੇ ਸਤਿਗੁਰ ਤਾਂ ਸਦਾ ਸਥਿਰ ਹੈ। ਸਰੀਰ ਭਾਵੇਂ ਕਿਸੇ ਦਾ ਵੀ ਹੋਵੇ, ਸਥਿਰ ਰਹਿ ਹੀ ਨਹੀਂ ਸਕਦਾ। ਸਦਾ ਸਥਿਰ ਤੇ ਅਟਲ ਤਾਂ ਗੁਰੂ "ਸ਼ਬਦ" ਜਾਂ ਗੁਰੂ "ਬਾਣੀ" ਹੀ ਹੈ। ਇਸ ਲਈ ਇਹ ਗੁਰ ਸ਼ਬਦ ਹੀ ਅਸਲ ਵਿਚ ਗੁਰੂ ਹੋਇਆ—

'ਗੁਰ ਮਹਿ ਆਪ ਸਮੋਇ ਸ਼ਬਦ ਵਰਤਾਇਆ।'

ਇਹ ਗੁਰਬਾਣੀ ਜੋ ਪਾਵਨ ਸਤਿਗੁਰੂ ਜੀ ਨੇ ਖੁਦ ਉਚਾਰੀ, ਇਸੇ ਤਰਾਂ ਹੀ ਵਾਹਿਗੁਰੂ ਦਾ ਸਰੂਪ ਹੈ ਜਿਸ ਤਰਾਂ ਕਿ ਗੁਰ ਵਯਕਤੀਆਂ ਖੁਦ ਸਨ। ਗੁਰੂ ਸ਼ਾਹਿਬਨ ਵਿਚ ਅਕਾਲ ਪੁਰਖ ਦੀ ਜੋਤਿ ਪ੍ਰਕਾਸਮਾਨ ਸੀ। ਜਿਸ ਕਰਕੇ ਉਨ੍ਹਾਂ



www.AKJ.Org

ਦੇ ਮੂੰਹੋਂ ਉਚਰੇ ਗੁਰਸ਼ਬਦ ਉਨ੍ਹਾਂ ਦੇ ਆਪਣੇ ਨਹੀਂ ਬਲਕਿ ਅਕਾਲ ਪੁਰਖ ਦੇ ਹਨ। ਇਸ ਸੰਬੰਧੀ ਗੁਰਵਾਕ ਵੀ ਹਨ :

ਜੈਸੀ ਮੈ ਆਵੈ ਖਸਮ ਕੀ ਬਾਣੀ।
ਤੈਸੜਾ ਕਰੀਂ ਗਿਆਨ ਵੇ ਲਾਲੋ॥

ਤੇ ਇਸੇ ਕਰਕੇ ਸਪਸ਼ਟ ਹੁਕਮ ਵੀ ਹੈ ਕਿ :–
ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ॥ ਗੁਰਬਾਣੀ ਕਹੈ ਸੇਵਕ ਜਨ ਮਾਨਹਿ, ਪ੍ਰਤਖ ਗੁਰੂ ਨਿਸਤਾਰੇ॥

ਤਥਾ–

ਸਬਦੁ ਗੁਰ ਪੀਰਾ ਗਹਿਰ ਗੰਭੀਰਾ॥
ਬਿਨ ਸਬਦੈ ਜਗ ਬਉਰਾਨੈ॥

ਸਾਡਾ ਗੁਰੂ ਪੀਰ ਅਸਲ ਵਿਚ ਗੁਰ ਵਿਅਕਤੀਆਂ ਦੀਆਂ ਪਾਵਨ ਦੇਹਾਂ ਨਹੀਂ ਸਨ ਬਲਕਿ ਉਨ੍ਹਾਂ ਦੇ ਅੰਤਰ ਆਤਮਾ ਵਿਚ ਪਰਵੇਸ਼ ਕਰ ਰਹੀ ਅਕਾਲੀ ਜੋਤਿ ਦੇ ਜ਼ਰੀਏ ਪ੍ਰਗਟ ਹੋਇਆ ਗੁਰਸ਼ਬਦ ਜਾਂ ਗੁਰਬਾਣੀ ਹੀ ਹੈ। ਇਸੇ ਕਰਕੇ ਸਚਿਆਰ ਗੁਰਸਿਖਾਂ ਨੂੰ ਸਪਸ਼ਟ ਗੁਰ ਹੁਕਮ ਹੈ ਕਿ :

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ, ਹਰਿ ਕਰਤਾ ਮੂੰਹੋ ਕਢਾਏ॥

ਤਥਾ–ਸਤਿਗੁਰ ਕੀ ਬਾਣੀ ਸਤਿ ਸਰੁਪ ਹੈ, ਗੁਰਬਾਣੀ ਬਣੀਐ॥

ਇਸ ਸੰਬੰਧੀ ਭਾਈ ਨਰੈਣ ਸਿੰਘ ਜੀ ਐਮ ਏ ਨੇ ਸੁਹਣੇ ਅਖਰਾਂ ਵਿਚ ਲਿਖਿਆ ਹੈ :–

'ਸਤਿਗੁਰੂ ਦਾ ਸ਼ਬਦ ਸਦਾ ਤੇ ਸਤਿ ਹੈ ਅਤੇ ਸ਼ਬਦ ਹੀ ਸਤਿ ਗੁਰੂ ਦੀ ਹੋਂਦ ਦਾ ਪਤੱਖ ਚਿੰਨ੍ਹ ਹੈ। ਅਥਵਾ ਸਾਡੇ ਵਿਚ ਸਤਿਗੁਰੂ ਆਪਣੇ ਸ਼ਬਦ ਦੁਆਰਾ ਹੀ ਪਰਗਟ ਹੈ।

## ਅਜੇਹੇ ਸ਼ਬਦ ਦਾ ਭੰਡਾਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ।

ਜਿਸ ਭੰਡਾਰ ਨੂੰ ਭਰਨ ਹਿਤ ਸਮੇਂ ਸਮੇਂ ਗੁਰੂ ਸਾਹਿਬਾਨ ਨੇ ਇਸ ਵਿਚ ਹਿਸਾ ਪਾਇਆ ਤੇ ਜਿਸ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗਦੀ ਇਸੇ ਸ਼ਬਦ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਦੇ ਹੋਏ ਪ੍ਰਗਟ ਗੁਰਾਂ ਕੀ ਦੇਹ ਦਰਸਾਇਆ ਤੇ ਕਿਹਾ ਕਿ ਪ੍ਰਭ ਨੂੰ ਮਿਲਨ ਦਾ ਵਸੀਲਾ ਇਸ ਵਿਚ ਦਰਜ ਸ਼ਬਦ ਦੀ ਵੀਚਾਰ ਹੈ। ਜਿਸ ਤਰ੍ਹਾਂ ਸਤਿਗੁਰੂ ਨੂੰ 'ਹਰਿ ਦਰਗਹ ਕਾ ਦਸੀਠ' ਅਥਵਾ ਹਰੀ ਨਾਲ ਮੇਲ ਕਰਾਉਣ ਵਾਲਾ ਵਿਚੋਲਾ ਕਿਹਾ ਗਿਆ ਸੀ ਇਸੇ ਤਰ੍ਹਾਂ ਹੁਣ ਸ਼ਬਦ ਗੁਰੂ ਪ੍ਰਭੂ ਨੂੰ ਮਿਲਨ ਦਾ ਵਸੀਲਾ ਹੈ। ਬਲਕਿ ਗੁਰੂ ਜੀ ਫੁਰਮਾਉਂਦੇ ਹਨ ਕਿ ਪਰਮੇਸ਼ਰ ਦਾ ਵਾਸਾ ਗੁਰੂ ਗ੍ਰੰਥ ਸਾਹਿਬ ਵਿਚ ਹੈ–

"ਪੋਥੀ ਪਰਮੇਸਰ ਕਾ ਥਾਨ"
(ਸਾਰੰਗ ਮ: ੫)

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਲਈ ਆਪ ਤੋਂ ਪਿਛੋਂ ਸ਼ਖਸੀ ਗੁਰ-ਗਦੀ ਨੂੰ ਖਤਮ ਕਰਦਿਆਂ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸੰਪਾਦਨ ਕਰਕੇ 'ਪਰਮੇਸਰ ਕਾ ਥਾਨ' ਕਹਿਕੇ ਵਡਿਆਈ ਪੋਥੀ ਜਾਂ ਗ੍ਰੰਥ ਅਗੇ, ਪਰਚਲਤ ਰੀਤੀ ਅਨੁਸਾਰ ਮਸਤਕ ਨਿਵਾ ਗ੍ਰੰਥ ਤੋਂ ਸ੍ਰੀ ਗੁਰੂ ਗ੍ਰੰਥ ਜੀ ਬਣਾ ਦਿਤਾ–ਐਨ ਉਸੇ ਤਰ੍ਹਾਂ ਗੁਰੂ ਨਾਨਕ ਨੇ ਭਾਈ ਲਹਿਣੇ ਤੋਂ ਸ੍ਰੀ ਗੁਰੂ ਅੰਗਦ ਬਣਾ ਦਿਤਾ :–

ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ॥ ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਯੋਂ ਗ੍ਰੰਥ॥ ਗੁਰੂ ਗ੍ਰੰਥ ਜੀ ਮਾਨਯੋ ਪਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇ ਲੇਹ॥

ਤਥਾ–

ਅਕਾਲ ਪੁਰਖ ਕੇ ਹੁਕਮ ਸਿਉਂ ਪਰਗਟ ਚਲਾਯੋ ਪੰਥ॥ ਸਭ ਸਿਖਨੁ ਕੋ ਹੁਕਮ ਇਹ। ਗੁਰੂ ਮਨਿਉ ਗ੍ਰੰਥ॥

(ਰਹਿਤਨਾਮਾ ਭਾ: ਪ੍ਰਹਿਲਾਦ ਸਿੰਘ)

ਵੇਖੋ ਸਫਾ ੨੨ ਤੇ



www.AKJ.Org

# ...ਣੇ ਸੁਣੇ ਤੇ ਹਢੀਂ ਵਾਪਰੇ ਬ੍ਰਿਤਾਂਤ

(ਭਾਈ ਸੁਰਜਨ ਸਿਘ ਜੀ ਗੁਜਰਵਾਲ)

## ਰਬੀ ਰੰਗ

(੬)

ਫੇਰ ਲੁਧਿਆਣੇ ਪਹੁੰਚ ਕੇ ਭੁਜੰਗੀ ਜੱਥਾ ਖਾਲਸਾ ਹਾਈ ਸਕੂਲ ਵਾਲੇ ਸਾਨੂੰ ਸਾਰਿਆਂ ਨੂੰ ਆਪਣੇ ਨਿਵਾਸ ਅਸਥਾਨ ਤੇ ਲੈ ਗਏ ਦੂਜੇ ਦਿਨ ਖਾਲਸਾ ਹਾਈ ਸਕੂਲ ਦੇ ਗੁਰਦੁਆਰੇ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ ਏਸ ਕੀਰਤਨ ਵਿਚ ਕੀਰਤਨ ਕਰਨ ਵਾਲੇ ਤੇ ਸੁਣਨ ਵਾਲੇ ਸਾਰੇ ਹੀ ਰਬੀ ਰੰਗਾਂ ਵਿਚ ਰੰਗੇ ਹੋਏ ਸਨ ਏਸ ਕੀਰਤਨ ਵਿਚ ਨਾਹਰ ਸਿੰਘ ਗਿਆਨੀ ਦੀ ਹਾਲਤ ਦੇਖਣ ਵਾਲੀ ਸੀ ਇਹ ਕੀਰਤਨ ਵਿਚ ਇਤਨਾ ਮਸਤ ਹੋਇਆ ਖੜਾ ਖੜਾ ਹੀ ਡਿਗ ਪਿਆ ਤੇ ਆਪਣੇ ਰੰਗਾ ਵਿਚ ਹੀ ਮਸਤ ਹੋਇਆ ਰੋਈ ਜਾਵੇ ਤੇ ਦੂਜਾ ਸਿੰਘ ਲਾਲ ਸਿੰਘ ਧਾਂਦਰੇ ਦਾ ਸੀ ਇਹ ਸਿੰਘ ਵੀ ਕੀਰਤਨ ਕਰਦਾ ਹੋਇਆ ਪੰਚਮ ਵਿਚ ਬੋਲਦਾ ਸੀ ਇਹ ਸਿੰਘ ਭੀ ਬਹੁਤ ਜ਼ਿਆਦਾ ਮਸਤ ਹੋਇਆ ਇਸ ਸਿੰਘ ਨੇ ਆਪਣੇ ਦਸਤਾਰੇ ਨੂੰ ਫੜਿਆ ਹੋਇਆ ਸੀ ਨਹੀਂ ਤਾਂ ਦਸਤਾਰਾ ਵੀ ਲਹਿ ਜਾਣਾ ਸੀ।

ਏਥੋਂ ਫੇਰ ਅਸੀਂ ਨਾਰੰਗ ਵਾਲ ਪਹੁੰਚ ਗਏ ਮੈਂ ਆਪਣੇ ਪਿੰਡ ਗੁਜਰਵਾਲ ਚਲਾ ਗਿਆ ਚਾਰ ਜਾਂ ਪੰਜ ਦਿਨਾਂ ਤੋਂ ਬਾਦ ਮੈਂ ਫੇਰ ਇਕ ਦਿਨ ਨਾਰੰਗਵਾਲ ਨੂੰ ਗਿਆ ਤਾਂ ਮੈਨੂੰ ਰਸਤੇ ਵਿਚ ਬਹੁਤ ਪਿਆਸ ਲਗੀ ਮੈਨੂੰ ਰਸਤੇ ਵਿਚ ਕਿਤੇ ਪਾਣੀ ਨਾ ਲਭਾ ਮੈਂ ਨਾਰੰਗ ਵਾਲ ਭਾਈ ਸਾਹਿਬ ਜੀ ਦੇ ਘਰ ਪਹੁੰਚ ਗਿਆ ਅਗੇ ਭਾਈ ਸਾਹਬ ਜੀ ਤੇ ਹੋਰ ਸਿੰਘ ਸ਼ਰਦਾਈ ਰਗੜ ਕੇ ਬਾਣੀ ਦਾ ਪਾਠ ਕਰੀ ਜਾਣ ਤੇ ਇਕ ਸਿੰਘ ਸ਼ਰਦਾਈ ਵਾਲੇ ਘਾਟੇ ਵਿਚ ਕਿਰਪਾਨ ਫੇਰੀ ਜਾਵੇ ਤੇ ਮੈਂ ਇਹਨਾਂ ਸਿੰਘਾ ਦੇ ਦਰਸ਼ਨ ਕਰੀ ਜਾਵਾਂ ਨਾਲੇ ਮੇਰੀ ਪਿਆਸ ਬਹੁਤ ਵਧਦੀ ਜਾਵੇ ਇਹ ਸਾਰੇ ਸਿੰਘ ਆਪਣੀ ਮਸਤੀ ਵਿਚ ਹੀ ਬਾਣੀ ਪੜੀ ਜਾਣ ਤੇ ਹਟਣ ਵਿਚ ਹੀ ਨਾ ਆਉਣ ਮੈਂ ਆਪਣੇ ਮਨ ਵਿਚ ਸੋਚੀ ਜਾਵਾਂ ਕਦੇ ਨ ਕਦੇ ਤਾਂ ਹਟਣ ਹੀ ਗੇ ਆਖਰ ਇਹਨਾਂ ਸਿੰਘਾ ਨੇ ਇਕ ਘੰਟੇ ਦੇ ਕਰੀਬ ਬਾਣੀ ਪੜ ਕੇ ਅਰਦਾਸ ਕੀਤੀ ਫੇਰ ਕਹਿਣ ਲਗੇ ਔਹ ਜੇਹੜਾ ਸਿੰਘ ਗੁਜਰਵਾਲ ਤੋਂ ਆਇਆ ਹੈ ਉਸ ਨੂੰ ਪਹਿਲਾਂ ਸ਼ਰਦਾਈ ਛਕਾਵੋ ਮੈਂ ਆਪਣੇ ਮਨ ਵਿਚ ਸ਼ੁਕਰ ਕੀਤਾ ਕਿ ਪਹਿਲਾਂ ਮੈਨੂੰ ਹੀ ਸ਼ਰਦਾਈ ਛਕਾ ਰਹੇ ਹਨ ਦਾਸ ਨਾਰੰਗਵਾਲ ਰਾਤ ਰਿਹਾ ਤੇ ਤੜਕੇ ਇਕ ਵਜੇ ਦੇ ਕਰੀਬ ਸਾਰੇ ਸਿੰਘਾ ਨੇ ਸੋਚ ਇਸ਼ਨਾਨ ਕੀਤਾ ਫਿਰ ਅਭਿਆਸ ਕਰਨ ਲਗ ਪਏ ਫੇਰ ਚਾਰ ਬਜੇ ਦੇ ਕਰੀਬ ਵਾਜੇ ਫੜ ਲਏ ਕੀਰਤਨ ਸੁਰੂ ਹੋ ਗਿਆ ਅੰਦਰਲੇ ਕੁੰਡੇ ਲਾ ਲਏ ਐਸਾ ਕੀਰਤਨ ਹੋਇਆ ਬਾਹਰੋਂ ਬੈਠ ਕੇ ਸੁਣਨ ਵਾਲੇ ਸਰੋਤੇ ਵੀ ਰੰਗਾਂ ਵਿਚ ਹੋ ਗਏ ਇਹ ਕੀਰਤਨ ਕੋਈ ਬਾਰਾਂ ਵਜੇ ਤਕ ਹੋਇਆ ਬਾਹਰੋਂ ਭਾਈ ਸਾਹਿਬ ਜੀ ਦੇ ਮਾਤਾ ਜੀ ਤਖਤੇ ਭੰਨੀ ਜਾਣ ਤੁਸੀਂ ਇਕ ਦਫਾ ਕੁੰਡਾ ਤਾਂ ਖੋਹਲ ਦੇਵੋ ਪਰਸ਼ਾਦਾ ਤਿਆਰ ਹੈ ਫੇਰ ਆ ਬੈਠਣਾ ਪਹਿਲਾਂ ਪਰਸ਼ਾਦ ਛਕ ਲਵੋ ਏਥੇ ਇਹੋ ਜਿਹੀ ਗਲ ਕੌਣ ਸੁਣਦਾ ਸੀ ਨਾਹੀ ਕਿਸੇ ਨੇ ਤਖਤੇ ਖੋਲੇ ਤੇ ਨਾਹੀ ਕੀਰਤਨ ਬੰਦ ਹੋਇਆ ਫੇਰ ਬਾਰਾਂ ਕੁ ਵਜੇ ਦੇ ਕਰੀਬ ਕੀਰਤਨ ਦਾ ਭੋਗ ਪਾਇਆ ਹੋਵੇਗਾ ਪਰ ਤਖਤੇ ਅਜੇ ਵੀ ਕਿਸੇ ਨੇ ਨਹੀਂ ਖੋਹਲੇ ਫੇਰ (ਰੰਗ ਹਸੇ ਰੰਗ ਰੋਵੇ ਚੁਪ ਭੀ ਕਰ



www.AKJ.Org

ਕਰ ਜਾਏ) ਸਾਰੇ ਹੀ ਸਜਣ ਇਹੋ ਜਿਹੀ ਹਾਲਤ ਵਿਚ ਹੋ ਗਏ ਫੇਰ ਇਕ ਵਜੇ ਦੇ ਕਰੀਬ ਦਾਸ ਨੇ ਕਵਾੜ ਖੋਹਲੇ ਭਾਈ ਸਾਹਿਬ ਜੀ ਦੇ ਮਾਤਾ ਜੀ ਅੰਦਰ ਆਕੇ ਕਹਿਣ ਲਗੇ ਤੁਸੀਂ ਹੁਣ ਪਰਸ਼ਾਦਾ ਤਾਂ ਛਕ ਲਵੋ ਇਹ ਮਾਤਾ ਜੀ ਦੇ ਬਚਨ ਸਿਰਫ ਦਾਸ ਨੇ ਹੀ ਸੁਣੇ ਸਨ ਇਹਨਾਂ ਨੂੰ ਤਾਂ ਕਿਸੇ ਨੂੰ ਵੀ ਪਤਾ ਹੀ ਨਹੀਂ ਸੀ ਕਿ ਕਿਥੇ ਬੈਠੇ ਹਾਂ ਮੈਂ ਸ੍ਰੀ ਮਾਂਨ ਭਾਈ ਸਾਹਿਬ ਜੀ ਨੂੰ ਕਿਹਾ ਮਾਤਾ ਜੀ ਕਈ ਦਫਾ ਆਏ ਹਨ ਪ੍ਰਸ਼ਾਦ ਛਕ ਲਵੋ ਚਲੋ ਉਠੋ ਪਰਸ਼ਾਦ ਛਕੋ ਭਾਈ ਸਾਹਿਬ ਜੀ ਮੇਰੀ ਬੇਨਤੀ ਕਰਨ ਤੇ ਉਠ ਕੇ ਤੁਰ ਪਏ ਹੇਠਾਂ ਜਾ ਕੇ ਭੁੰਜੇ ਹੀ ਪੰਗਤ ਲਾ ਕੇ ਬੈਠ ਗਏ ਸਾਰੇ ਸਿੰਘਾਂ ਵਾਸਤੇ ਪਰਸ਼ਾਦੇ ਸਰਬ ਲੋਹ ਦੇ ਥਾਲਾਂ ਵਿਚ ਆ ਗਏ ਪਰ ਭਾਈ ਸਾਹਿਬ ਜੀ ਪਰਸ਼ਾਦ ਛਕਣ ਹੀ [illegible] ਤੋਂ ਬਾਦ ਭਾਈ ਸਾਹਿਬ ਜੀ ਨੇ ਆਪਣੇ ਵਾਲਾ ਥਾਲ ਆਪਣੇ ਪਾਸ ਬੈਠੇ ਸਿੰਘ ਦੇ ਮੂਹਰੇ ਕਰ ਦਿਤਾ ਉਸ ਸਿੰਘ ਨੇ ਭਾਈ ਸਾਹਿਬ ਜੀ ਵਾਲਾ ਥਾਲ ਅਗੇ ਨੂੰ ਧਕ ਦਿਤਾ ਇਹ ਭਾਈ ਸਾਹਿਬ ਜੀ ਵਾਲਾ ਥਾਲ ਅਗਾਂਹ ਤੋਂ ਅਗਾਂਹਾਂ ਤੁਰੀ ਜਾਵੇ ਮੈਂ ਇਸ ਗਲ ਨੂੰ ਸਮਝ ਨ ਸਕਾਂ ਇਹ ਕੀ ਹੋਈ ਜਾਂਦਾ ਹੈ ਪਤਾ ਲਗਾ ਭਾਈ ਸਾਹਿਬ ਜੀ ਦੇ ਥਾਲ ਵਿਚ ਮਾਤਾ ਜੀ ਨੇ ਘਿਉ ਜ਼ਿਆਦਾ ਪਾ ਦਿਤਾ ਸੀ ਅਖੀਰ ਸਾਰਾ ਦਾਲਾ ਇਕ ਥਾਂ ਇਕਠਾ ਕੀਤਾ ਗਿਆ ਫੇਰ ਉਹੋ ਦਾਲਾ ਸਾਰੀਆਂ ਹੀ ਥਾਲੀਆਂ ਵਿਚ ਪਾ ਦਿਤਾ ਗਿਆ ਤੇ ਸਾਰਿਆਂ ਨੇ ਪਰਸ਼ਾਦਾ ਛਕਿਆ।

—ਚਲਦਾ

—o—

(ਸਫਾ ੨੦ ਦੀ ਬਾਕੀ)

ਤਥਾ—

ਦਸ ਸਰੂਪ ਗੁਰ ਏਕ ਸਮ ਯੋਂ ਜਾਨੈ ਸੋ ਮੇਰ॥
ਏਕ ਦਸਮੋ ਗੁਰੂ ਗ੍ਰੰਥ ਜੀ ਬਾਣੀ ਸਤਿਗੁਰ ਹੇਰ॥

ਸੋ ਗੁਰ ਸਿਖੀ ਦਾ ਤੀਜਾ ਮੁਢਲਾ ਸਿਧਾਂਤ ਇਹ ਨਿਕਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਨਾਨਕ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ, ਸਭ ਗੁਰ ਵਿਅਕਤੀਆਂ ਦਾ ਆਤਮਕ ਸਰੂਪ ਹਨ। ਇਸੇ ਲਈ ਹੁਣ ਸਾਡੇ ਸਚੇ ਤੇ ਕਲਿਜੁਗ ਦੇ ਉਧਾਰ ਕਰਤਾ ਗੁਰੂ ਇਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹਨਾਂ ਦੀ ਮੌਜੂਦਗੀ ਵਿਚ ਕੋਈ ਵੀ ਮਨੁਖ, ਗੁਰੂ ਨਹੀਂ ਅਖਵਾ ਸਕਦਾ। ਜੋ ਇਜੇਹਾ ਕਰਦਾ ਹੈ ਤਾਂ ਗੁਰ ਹੁਕਮ ਤੋਂ ਆਕੀ ਹੋ ਜਾਣ ਕਰਕੇ, ਗੁਰ ਸਿਖੀ ਤੋਂ ਵੀ ਦੂਰ ਚਲਾ ਜਾਂਦਾ ਹੈ।

(ਚਲਦਾ)



www.AKJ.Org

# ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

## ਪ੍ਰਸੰਗ ਐਬਟਾਬਾਦ

(੩)

## ਨਾਮ ਦੀ ਖੋਜ, ਪ੍ਰਾਪਤੀ, ਜੋਤਿ ਸਰੂਪੀ ਦਰਸ਼ਨ

ਅੰਮ੍ਰਿਤ ਛਕਣ ਤੋਂ ਪਹਿਲਾਂ ਅੰਮ੍ਰਿਤ ਦੀ ਪਿਆਸ ਜਿੰਘ ਸਜਣ ਦੀ ਲੰਮੀ ਜਗਯਾਸਾ ਵਿਚ ਅਤਿ ਦਰਜੇ ਦੀ ਹੋ ਚੁਕੀ ਸੀ। ਅਤੇ ਇਸ ਜਗਯਾਸਾ ਵਿਚ ਗੁਰਮਤਿ ਦਾ ਇਕ ੨ ਅਸੂਲ ਮੇਰੇ ਅੰਦਰ ਘਰ ਕਰ ਚੁਕਾ ਸੀ ਤੇ ਅੰਮ੍ਰਿਤ ਨੂੰ ਮੈਂ ਇਕ ਰਸਮ ਹੀ ਨਹੀਂ ਸਮਝਦਾ ਸੀ, ਕਿੰਤੂ ਅਮਰ ਕਰ ਦੇਣ ਵਾਲੀ ਅਮਰ ਦਾਤ ਅਤੇ ਅਕਾਲ ਪੁਰਖ ਪਰਮਾਤਮਾ ਦੇ ਸਾਗੋਂ ਪਾਂਗ ਝਲ ਕਾਹੇ ਆਤਮ ਰੰਗਾਂ ਵਿਚ ਸਾਖਸ਼ਾਤ ਕਰਾ ਦੇਣ ਵਾਲਾ ਅਮਰ ਪਦਾਰਥ ਮਨ, ਬਚ, ਕਰਮ ਕਰਕੇ ਜਾਣਦਾ ਸੀ। ਇਸ ਗਲ ਦਾ ਪਕਾ ਵਿਸ਼ਵਾਸ ਤੇ ਦ੍ਰਿੜ ਭਰੋਸਾ ਸੀ ਕਿ ਜੇ ਜਗਯਾਸਾ ਅੰਮ੍ਰਿਤ ਅਧਿਕਾਰੀ ਦੀ ਪੂਰਨ ਹੋਵੇ ਅਤੇ ਗੁਰੂ ਕਰਣਾ ਅਨੁਸਾਰ ਪੰਜ ਪਿਆਰਿਆਂ ਦਾ ਸਮਾਗਮ ਗੁਰ-ਮਤਿ ਕਸੌਟੀ ਅਨੁਸਾਰ "ਪੰਚ ਪਰਵਾਣ ਪੰਚ ਪਰਧਾਨ", ਦੀ ਪਉੜੀ ਵਾਲਾ ਜੁੜ ਜਾਵੇ ਤਾਂ ਤੱਤਕਾਲ ਅੰਮ੍ਰਿਤ ਛਕਣ ਸਾਰ ਹੀ ਮਨ ਬਾਂਛਤ ਅੰਮ੍ਰਿਤ ਕਲਾ ਵਰਤ ਜਾਣ ਵਿਚ ਕੋਈ ਭੀ ਸੰਦੇਹ ਨਹੀਂ। ਕਿਉਂਕਿ ਅੰਮ੍ਰਿਤ ਛਕਣ ਤੋਂ ਪਹਿਲਾ ਅੰਮ੍ਰਿਤ ਦੀ ਸਿਕ ਵਿਚ ਦੋ ਚਾਰ ਸਮਿਆਂ ਪਰ ਮੈਂ ਆਤਮਕ ਚਮਤਕਾਰ ਅਕਸ ਮਾ[illegible] ਸੀ। (ਜੋ ਸ਼ਾਇਦ ਆਪ ਨੂੰ [illegible] ਚੁਕਾ ਹਊਂਗਾ) ਜਿਸ ਥੋਂ ਮੇਰਾ ਹੋਰ ਭੀ ਗੂੜ੍ਹਾ ਨਿਸਚਾ ਬਝ ਗਿਆ ਸੀ। ਮੈਨੂੰ ਖਿਨ ਖਿਨ ਇਹੋ ਹੀ ਲਗਣ ਰਹਿੰਦੀ ਸੀ ਕਿ ਉਹ ਸੁਭਾਗ ਸਮਾਂ ਕਦੋਂ ਆਵੇ ਜਦੋਂ ਕਿ ਅੰਮ੍ਰਿਤ ਸੰਸਕਾਰ ਦਵਾਰਾ ਗੁਰਮਤਿ ਅਨੁਸਾਰ ਪਰਮਾਤਮਾ ਨਾਲ ਵਿਆਹੇ ਜਾਣ ਵਾਲਾ ਗੰਢ ਨਾਤਾ ਹੋ ਜਾਵੇ। ਮੈਂ ਇਹ ਭੀ ਅਸੰਭਵ ਨਹੀਂ ਸਮਝਦਾ ਸੀ ਕਿ ਵਿਆਹ ਮੁਕਲਾਵਾ ਇਕਠਾ ਹੀ ਹੋ ਜਾਵੇ। ਮੇਰੇ ਪੂਰਨ ਭਾਗਾਂ ਅਨੁਸਾਰ ਮੇਰਾ ਮਨ ਮੰਨਿਆ।

## ੧੪ ਜੂਨ ੧੯੦੩ ਈ: ਮੁਤਾਬਿਕ ੧ ਹਾੜ ਸੰਮਤ ੧੯੬੦ ਨੂੰ ਬਕਾ ਪੁਰ ਤਹਿਸੀਲ ਫਲੌਰ ਜ਼ਿਲਾ ਜਲੰਧਰ ਵਿਚ ਅੰਮ੍ਰਿਤ ਛਕਣਾ।

ਅੰਮ੍ਰਿਤ ਛਕਣ ਦਾ ਸਮਾਗਮ ਜਦੋਂ ਆਇਆ ਤਾਂ ਹੋਰ ਤਾਂ ਸਭ ਸਰੰਜਾਮ ਬਣ ਗਏ ਦੇਖ ਕੇ ਮੈਂ ਅਤਿ ਪਰਸੰਨ ਸੀ, ਪਰ ਜਦੋਂ ਅੰਮ੍ਰਿਤ ਬਾਟਾ (ਛਾਂਦਾ) ਭੁੰਚੇ) ਤੋਂ ਪਹਿਲਾਂ ਹੀ ਪੰਜਾ ਪਿਆਰਿਆਂ ਤੇ ਗ੍ਰੰਥੀ ਸਿੰਘ ਤੋਂ ਵਖਰੇ ਹੀ ਇਕ ਸਜਣ ਵਲੋਂ ਕੰਨਾਂ ਵਿਚ ਗੁਰਮੰਤ੍ਰ ਫੂਕਿਆ ਗਿਆ ਤਾਂ ਮੇਰੀ ਆਤਮ ਬ੍ਰਿਤੀ ਵਿਚ ਅਣ ਹੋਇਆ ਹਿਲਾਊ ਪੈਦਾ ਹੋ ਗਿਆ। ਕਿਉਂ ਜੋ ਮੈਂ ਪੰਜਾਂ ਪਿਆਰਿਆਂ ਤੋਂ ਬਿਨਾਂ ਕਿਸੇ ਹੋਰਸ ਪੰਜਾਂ ਤੋਂ ਬਾਹਰੇ ਇਕਸ ਸੱਜਣ (ਸਿੰਘ) ਵਲੋਂ ਗੁਰਮੰਤ੍ਰ ਦਿਤੇ ਜਾਣਾ ਗੁਰਮਤਿ ਪ੍ਰਤਿਕੂਲ ਸਮਝਦਾ ਸੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮੈਨੂੰ ਉਸ ਸਮੇਂ ਗੁਰਮੰਤ੍ਰ ਦ੍ਰਿੜ ਨਾ ਹੋਇਆ। ਹਾਂ! ਅੰਮ੍ਰਿਤ ਛਕਣ ਪਰ ਜੋ ਪੰਜਾ ਪਿਆਰਿਆਂ ਨੇ



www.AKJ.Org

ਛਕਾਇਆ ਮੇਰੀ ਕਾਇਆ ਇਕ ਦਮ ਪਲਟਾ ਖਾ ਗਈ। ਮੇਰਾ ਨਵੀਨ ਜਨਮ ਹੋ ਗਿਆ। ਪਿਛਲੇ ਜਨਮ ਦੀ ਸੁਧ ਬੁਧ ਇਕ ਦਮ ਭੁਲ ਗਈ। ਪਰ ਮੇਰੇ ਅੰਦਰ ਅਗੰਮੀ ਝਰਨਾਟ ਆਤਮ ਰੰਗਾਂ ਦੀ ਕੋਈ ਨਾਂ ਛਿੜੀ ਅਤੇ ਨ ਮੈਨੂੰ ਮਨ ਬਾਂਛਤ ਝਲਕਾਰੇ ਪਏ ਜੋ ਗੁਰਮਤਿ ਨਿਯਮ, ਰਹਿਣੀ ਬਹਿਣੀ ਰਹਿਤ ਬਿਬੇਕ ਇਸ ਸਮੇਂ ਮੈਨੂੰ ਦ੍ਰਿੜਾਈ ਗਈ, ਉਹ ਮੇਰੇ ਰੰਗ ਰੇਸ਼ੇ ਵਿਚ ਉਤਰ ਗਈ। ਤੇ ਮੇਰੇ ਧੁਰ ਅੰਤਰ ਖਾਨੇ ਦੀ ਤਖਤੀ ਪੁਰ ਉਕਰੀ ਗਈ। ਤਦੋਂ ਪਸ਼ਚਾਤ ਮੈਨੂੰ ਗੁਰਬਾਣੀ ਅਨੰਦ ਸਾਹਿਬ, ਸੁਖਮਨੀ ਸਾਹਿਬ ਆਦਿਕ ਅਨੇਕਾਂ ਤੇ ਨਿਤਨੇਮਾ ਦੀਆਂ ਬਾਣੀਆਂ (ਜੋ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਗੁਰ ਕਿਰਪਾ ਕਰਿ ਮੇਰੇ ਕੰਠਾਗਰ ਹੋ ਚੁਕੀਆਂ ਸਨ) ਦਾ ਅਨੰਦ ਕੁਛ ਵਿਲਖਣ ਹੀ ਆਉਣ ਲਗ ਪਿਆ ਤੇ ਮੇਰਾ ਬਿਬੇਕ ਬੈਰਾਗ ਦਿਨ ਬ ਦਿਨ ਵਧਣ ਲਗਾ ਮੇਰਾ ਕੰਮ ਕਾਜ ਦਿਨ ਰਾਤ ਕੇਵਲ ਗੁਰਬਾਣੀ ਦੇ ਆਹਰ ਵਿਚ ਲਗੇ ਰਹਿਣਾ ਸੀ। ਹੋਰ ਕੋਈ ਕੰਮ ਨਾ ਸੀ। ਨੜੀ ਨੌਕਰੀ ਤਾਂ ਮੈਂ ਗੁਰਮਤਿ ਪ੍ਰਤਿਕੂਲ ਧ੍ਰਿਗ ਵਿਡਾਣੀ ਚਾਕਰੀ ਸਮਝਕੇ ਛਡ ਚੁਕਾ ਸੀ। ਗੁਰਬਾਣੀ ਤੇ ਨਾਮ ਵਿਚ ਮੈਂ ਕੋਈ ਭੇਦ ਨਹੀਂ ਸਮਝਦਾ ਸੀ ਅਰਥਾਤ ਗੁਰਬਾਣੀ ਨੂੰ ਹੀ ਨਾਮ ਸਰੂਪ ਦ੍ਰਿੜ ਕਰ ਮੰਨ ਲਿਆ ਹੋਇਆ ਸੀ। ਹੁਣ ਗੁਰਬਾਣੀ ਦੇ ਅਥਕ ਅਭਿਆਸ ਅਤੇ ਸੁਖਮਨੀ ਸਾਹਿਬ ਦੇ ਅਖੰਡ ਪਠਾ ਨੇ ਮੇਰੇ ਗੁਰਮਤਿ ਨਿਸ਼ਚੇ ਅੰਦਰ ਇਕ ਨਵੀਨ ਤਬਦੀਲੀ ਪੈਦਾ ਕੀਤੀ।

## ਨਾਮ ਦੀ ਖੋਜ

ਕਿ ਨਾਮ ਗੁਰਬਾਨੀ ਤੋਂ ਭਿੰਨ ਨਿਰਾਲਾ ਸਰੂਪ ਰਖਦਾ ਹੈ ਅਤੇ ਉਸੇ ਨਾਮ ਦਾ ਅਭਿਆਸ ਸੁਆਸ ੨ ਸੰਭਵ ਹੈ ਅਤੇ ਨਾਮ ਕੇਵਲ ਨਾਮ ਅਭਿਆਸ ਦਵਾਰਾ ਹੀ ਨਾਮੀ ਦੀ ਪਰਾਪਤੀ ਹੋ ਸਕਦੀ ਹੈ।

## ਖਾਲਸਾ ਧਰਮ ਧਾਰਨ ਕਰਨ ਦਾ ਮੁਖ ਪ੍ਰਯੋਜਨ

ਨਾਮੀ ਦੀ ਪ੍ਰਾਪਤੀ ਹੀ ਮੇਰੇ ਖਾਲਸਾ ਧਰਮ ਧਾਰਨ ਕਰਨ ਦਾ ਮੁਖ ਪਰਯੋਜਨ ਸੀ ਤੇ ਇਹ ਭੀ ਮੈਨੂੰ ਨਿਸਚੇ ਹੋ ਗਿਆ ਕਿ ਗੁਰਮਤਿ ਨਾਮ ਇਕ ਹੈ, ਪਰ ਗੁਰਬਾਣੀ ਅੰਦਰ ਮੈਂ ਅਨੇਕ ਨਾਮ ਦੇਖਾਂ ਮੈਂ ਲਗਾ ਖੋਜ ਪੜਤਾਲ ਕਰਨ, ਪ੍ਰੰਤੂ ਮੈਨੂੰ ਕੁਝ ਪਤਾ ਨਾ ਲਗੇ ਕਿ ਕਿਹੜਾ ਗੁਰਮਤਿ ਨਾਮ ਹੈ। ਪਰ ਚਿਤ ਵਿਚ ਇਹ ਭੋਲੇ ਭਾਵ ਵਾਲਾ ਧਰਵਾਸ ਸੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਆਪੇ ਦਸਣਗੇ ਗੁਰਦੇਵ ਬਾਝੋਂ ਹੋਰ ਕੋਈ ਭੀ ਨਾਮ ਦਸਣ ਤੇ ਦ੍ਰਿੜ੍ਹਾਉਣ ਨੂੰ ਸਮਰਥ ਨਹੀਂ। ਮੈਂ ਇਸੇ ਧੁਨ ਵਿਚ ਲਗ ਪਿਆ, ਅਤੇ ਗੁਰੂ ਮਹਾਰਾਜ ਪਰ ਹੀ ਆਸਰਾ ਪਰਨਾ ਰਖਦਾ ਰਿਹਾ ਪਰ ਮੇਰਾ ਬੈਰਾਗ ਦਿਨੋਂ ਦਿਨ ਤੀਬਰ ਤੇ ਤੀਬਰ ਹੁੰਦਾ ਜਾਵੇ ਗੁਰਬਾਣੀ ਦਾ ਰਟਣ ਤੇ ਕੀਰਤਨ ਤੇ ਸਤਿ ਸੰਗ ਮੇਰੀ ਖਾਸ ਖੁਰਾਕ ਸੀ ਜੋ ਮੇਰਾ ਜੀਵਨ ਅਧਾਰ ਬਣ ਰਿਹਾ ਸੀ। ਕੀਰਤਨ ਮੰਡਲ ਤੇ ਸਤਿ ਸੰਗਤਿ ਨਾਲ ਅਤਿਸੇ ਕਰਕੇ ਪ੍ਰੇਮ ਪਿਆਰ ਹੋ ਗਿਆ ਸੀ ਮੈਂ ਇਕ ਛਿਨ ਭੀ ਇਸ ਬਿਹੂਣ ਨਹੀਂ ਰਹਿ ਸਕਦਾ ਸੀ। ਨਾਮ ਦੀ ਸਿਕ ਦਿਨੋਂ ਦਿਨ ਵਧਦੀ ਜਾਇ, ਦਰਸਨ ਦੀ ਪਿਆਸ ਅਥਾਹ! ਦਿਨੋ ਦਿਨ ਵਧਦੀ ਜਾਇ ਇਤਨੇ ਨੂੰ ਮੈਨੂੰ ਐਬਟਾਬਾਦ ਭੇਜਣ ਦੇ ਮਸੌਦੇ ਆਣ ਪੇਸ਼ ਪਏ। ਮੈਂ ਮੰਨਾ ਨਾਂ, ਮੈਨੂੰ ਚਾਰ ਚੁਫੇਰਿਉਂ ਘੇਰ ਘਾਰ ਕੇ ਇਕ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਹੀ ਸੰਗਤ ਨੇ ਮੈਨੂੰ ਜੁਚ ਕਰ ਲਿਆ,

## ਨਾਰੰਗਵਾਲ ਵਿਚ ਇਕਠ ਤੇ ਐਬਟਾਬਾਦ ਜਾਣ ਲਈ ਹੁਕਮ

ਮੈਂ ਹਿਲਣ ਜੋਗਾ ਨਾ ਰਿਹਾ, ਭਾਈ ਇੰਦਰ ਸਿੰਘ ਜੀ ਪਾਰ ਗ੍ਰਾਮੀ ਲੰਬੜਦਾਰ ਪਿੰਡ "ਮਹਿਮਾਂ ਸਿੰਘ ਵਾਲਾ' ਨਿਵਾਸੀ ਨੇ ਮੇਰੇ ਵਲ


www.AKJ.Org

ਮੁਖਾਤਬ ਹੋਕੇ ਬੜੇ ਜੋਸ਼ ਤੇ ਪਰੇਮ ਨਾਲ ਮੈਨੂੰ ਵੰਗਾਰਿਆ ਕਿ ਕੀ ਸੰਗਤ ਦਾ ਹੁਕਮ ਉਲਟਾ ਸਕਦੇ ਹੋ ? ਕੀ ਗੁਰੂ ਸਾਹਿਬ ਦੇ ਦਰਬਾਰ ਵਿਚੋਂ ਨਸ ਭਜ ਸਕਦੇ ਹੋ ? ਮੈਂ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਦਾ ਹੁਕਮ ਲੈ ਦਿਉ, ਅਰਦਾਸਾ ਸੋਧ ਕੇ ਹੁਕਮ ਲਿਆ ਤਾਂ ਇਹ ਹੁਕਮ ਨਿਕਲਿਆ ਜੋ ਹੁਣ ਤੀਕ ਮੇਰੇ ਯਾਦ ਹੈ। ਭੁਲ ਚੁਕ ਹੋਵੇ ਤਾਂ ਸੋਧ ਕਰ ਲੈਣੀ। ਯਥਾ :–

॥ ਸੋਰਿਠ ਮਹਲਾ ੫ ॥

ਮਿਰਤਕ ਕਉ ਪਾਇਓ ਤਨ ਸਾਸਾ ਬਿਛੁਰਤ ਆਨ ਮਿਲਾਇਆ ॥ ਪਸੂ ਪਰੇਤ ਮੁਗਧ ਭਏ ਸਰੋਤੇ ਹਰਿ ਨਾਮਾ ਮੁਖਿ ਗਾਇਆ ॥ ੧ ॥ ਪੂਰੇ ਗੁਰ ਕੀ ਦੇਖੁ ਵਡਾਈ ॥ ਤਾਕੀ ਕੀਮਤ ਕਹਣੁ ਨਾ ਜਾਈ ॥ ੧ ॥ ਰਹਾਉ ॥ ਦੂਖ ਰੋਗ ਢਾਹਿਉ ਡੇਰਾ ਅਨਦ ਮੰਗਲ ਬਿਸਰਾਮਾ ॥ ਮਨ ਬਾਛਤ ਫਲੁ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥ ੨ ॥ ਈਹਾਂ ਸੁਖ ਆਗੈ ਮੁਖੁ ਉਜਲ ਮਿਟ ਗਏ ਆਵਣ ਜਾਣੇ ॥ ਨਿਰਭਉ ਭਏ ਹਿਰਦੈ ਨਾਮ ਵਸਿਆ ਅਪਨੇ ਸਤਿਗੁਰ ਕੈ ਮਨਿ ਭਾਣੇ ॥ ੩ ॥ ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮ ਭਾਗਾ ॥ ਕਹੁ ਨਾਨਕ ਤਾਕੇ ਪੂਰ ਕਰੰਮਾ ਜਾਕਾ ਗੁਰ ਚਰਨੀ ਮਨ ਲਾਗਾ ॥ ੪ ॥ ॥ ੧੦ ॥ ੨੧ ॥

ਇਹ ਸੁਣ ਕੇ ਮੇਰੇ ਅੰਦਰ ਅਤੰਮੀ ਆਸ ਦੀ ਤਾਰ ਫਿਰ ਗਈ ਕਿ ਜਿਥੇ ਜਾਊਂ ਗੁਰੂ ਮੇਰੇ ਅੰਗਸੰਗ ਸਹਾਈ ਹੈ ਅਤੇ ਮੈਨੂੰ ਗੁਰੂ ਸੰਗਤ ਦੇ ਹੁਕਮ ਅਨੁਸਾਰ "ਜਹਿ ਬੈਸਾਲਹਿ ਬੈਸਾ ਸੁਆਮੀ ਜਹਿ ਭੇਜਹਿ ਤਹਿ ਜਾਵਾ" ਦੇ ਗੁਰਵਾਕ ਅੰਦਰ ਜਿਧਰ ਸੰਗਤ ਤੋਰ ਰਹੀ ਹੈ। ਉਥੇ ਜਾ ਕੇ ਹੀ ਨਾਮ ਦੀ ਪ੍ਰਾਪਤੀ ਹੋਣੀ ਹੈ। ਮੈਂ ਸਤਿ ਮੰਨ ਕੇ ਤੁਰ ਗਿਆ, ਨਾਲ ਮੇਰੇ ਇਕ ਸਿੰਘ ਭਾਈ ਹੂੜ ਸਿੰਘ ਨਾਮੇ ਪ੍ਰਸ਼ਾਦਾ ਸਜਾਉਣ ਦੀ ਸਹਾਇਤਾ ਲਈ ਤੋਰ ਦਿਤਾ, ਪਰ ਮੇਰੇ ਸੀਨੇ ਵਿਚ ਸੰਗਤ ਤੋਂ ਵਿਛੜਨ ਦਾ ਸੱਲ ਅਜਿਹਾ ਵੱਜਾ ਕਿ ਮੈਂ ਸਾਰੇ ਰਾਹ ਰੁੰਦਾ ਹੋਇਆ ਹੀ ਗਿਆ। ਹੁਕਮਾਂ ਦਾ ਬੱਧਾ। ਰਾਹ ਵਿਚ ਖਾਣ–ਪੀਣ ਕਿਤੇ ਨਹੀਂ ਕੀਤਾ ਮੈਨੂੰ ਪਤਾ ਨ ਹੀ ਕਿਨੇ ਘੰਟਿਆਂ ਵਿਚ ਪੁਜੇ।

## ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨ

ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨ ਹਸਨ ਅਬਦਾਲ ਦੇ ਸਟੇਸ਼ਨ ਤੋਂ ਉਤਰਦੇ ਹੀ ਹੋਏ। ਪਵਿਤਰ ਜਲ ਵਿਚ ਇਸ਼ਨਾਨ ਸੋਧੇ। ਸਨਮੁਖ ਪੰਜਾ ਸਾਹਿਬ ਦੇ ਦਰਸ਼ਨ ਹੋਣ ਮਹਾਰਾਜ ਦਾ ਪ੍ਰਕਾਸ਼ ੀ। ਚਰਨ ਸਰਨ ਜਾ ਕੇ ਵਾਕ ਲਿਆ ਉਹ ਵਾਕ ਮੈਨੂੰ ਯਾਦ ਨਹੀਂ ਬੜਾ ਹੀ ਉਤਸ਼ਾਹ ਤੇ ਵਧਾਈ ਦਾਤਾ ਸੀ। ਉਥੋਂ ਫੇਰ ਮਹਾਰਾਜ ਦੀ ਆਗਿਆ ਲੈ ਨਮਸਕਾਰ ਕਰ ਟਾਂਗੇ ਤੇ ਚੜ੍ਹਕੇ ਐਬਟਾਬਾਦ ਵਲ ਨੂੰ ਟੁਰੇ। ਜਦੋਂ ਐਬਟਾਬਾਦ ਪਹੁੰਚੇ ਤਾਂ ਬ੍ਰਿਤੀ ਉਥੇ ਦਾ ਨਜ਼ਾਰਾ ਦੇਖ ਕੇ ਖਿੜ ਗਈ। ਚਾਰ ਚੁਫੇਰੇ ਪਹਾੜੀਆਂ ਵਿਚਕਾਰ ਡਬੇ ਵਾਂਗੂ ਐਬਟਾਬਾਦ ਵਸੇ। ਉਹਨਾਂ ਪਹਾੜੀਆਂ ਨੂੰ ਦੇਖ ਕੇ ਮੇਰੀ ਬ੍ਰਿਤੀ ਟਿਕਾਉ ਤੇ ਚੜ੍ਹਾਉ ਦੇ ਹੁਲਾਰਿਆਂ ਵਿਚ ਆ ਗਈ। ਮੈਂ ਆਪਣੀ ਸਾਰੀ ਆਯੂ ਵਿਚ ਹੁਣੇ ਹੀ ਪਹਿਲੇ ਪਹਿਲ ਪਹਾੜ ਦੇਖੇ ਸਨ। ਮੈਨੂੰ ਭਾਣੇ ਅਨੁਸਾਰ ਮਹਾਰਾਜ ਨੇ ਐਸੀ ਜਗਾ ਨਿਵਾਸ ਲਈ ਇਕ ਨਿਕੜਾ ਜਿਹਾ ਬੁੰਗਾ ਲੈ ਦਿਤਾ (ਜੋ ਕਿ ਮਹਾਰਾਜ ਦੀ ਕ੍ਰਿਪਾ ਕਰ ਸੁਤੇ ਸਿਧ ਹੀ ਮਿਲ ਗਿਆ) ਜਿਸ ਦੇ ਸਨਮੁਖ ਦੋਹੀਂ ਪਾਸੀਂ ਦੋ ਗੁਰਦੁਆਰੇ ਸਨ ਜਿਨ੍ਹਾਂ ਨੂੰ ਉਥੇ ਦੇ ਲੋਕ ਧਰਮਸ਼ਾਲਾ ਆਖਦੇ ਸਨ। ਮੈਂ ਮਹਾਰਾਜ ਦਾ ਸ਼ੁਕਰ ਤੇ ਧੰਨਵਾਦ ਕੀਤਾ ਕਿ ਓੜਕ ਪ੍ਰਦੇਸਾਂ ਵਿਚ ਭੀ ਆਪਣੀ ਚਰਨ ਸਰਨ ਹੀ ਰਖਿਆ ਹਾਂ ਚੱਤੋ ਪਹਿਰ ਬਾਣੀ ਦੇ ਪਾਠ ਦੀ ਧੁਨੀ ਬੱਝੀ ਰਹਿਣੀ। ਉਧਰਲੇ ਲੋਕਾਂ ਦਾ ਰਿਵਾਜ ਹੈ ਕਿ ਮਹਾਰਾਜ ਦੇ ਵਾਕ ਲਏ ਬਿਨਾਂ ਕੋਈ ਕਿਸੇ ਕੰਮ ਕਾਜ ਨੂੰ ਹਥ ਨਹੀਂ ਲਾਉਂਦਾ ਅਤੇ ਸ਼ਹਿਰ ਦੇ ਸਾਰੇ ਸਹਿਜੀ ਸਿੰਘ ਦਿਨ ਚੜ੍ਹਦੇ ਨਾਲ ਗੁਰਦਵਾਰੇ ਆਇ ਕੇ ਪ੍ਰਿਥਮ ਸਾਹਿਬ ਨੂੰ ਸਮਾਲੰਨਿ, ਗੁਰੂ



www.AKJ.Org

ਸਾਹਿਬ ਅਗੇ ਡੰਡਉਤ ਬੰਦਨਾ ਕਰਕੇ ਦਰਸ਼ਨ ਕਰਨ ਤੇ ਧੂੜੀ ਮਸਤਕ ਤੇ ਲਾਵਨ ਬਾਰੰਬਾਰ ਪਾਠ ਕਰਨ, ਬਾਰ ਨਾ ਪਵੇ ! ਨੌਂ ਬਜੇ ਤੱਕ ਇਕ ਆਵੇ ਇਕ ਚਲਿਆ ਜਾਵੇ ਫੇਰ ਇਹੋ ਹਾਲ ਤੀਜੇ ਪਹਿਰ ਤ੍ਰਿੰਨ ਬਜੇ ਤੋਂ ਪਿਛੋਂ ਅਰੰਭ ਹੋ ਜਾਵੇ। ਪਰ ਮੈਂ ਉਥੇ ਓਪਰਾ, ਉਹਨਾਂ ਦੇ ਵਿਚ ਰਲਣੋਂ ਸੰਗਾਂ ਤੇ ਸੰਕੋਚ ਕਰਾਂ। ਪਰ ਉਹ ਮੈਨੂੰ ਬੜੇ ਚੰਗੇ ਲਗਣ ਚਾਹੇ ਰਹਿਤ ਵਿਚ ਤਿਆਰ ਬਰ ਤਿਆਰ ਉਨ੍ਹਾਂ ਵਿਚੋਂ ਵਿਰਲੇ ਹੀ ਸਨ। ਗੁਰਦੁਆਰੇ ਵਿਚ ਹਰ ਐਤਵਾਰ ਦੇ ਐਤਵਾਰ ਸਿੰਘ ਸਭਾ ਵਾਲਿਆਂ ਦਾ ਜੋੜ ਮੇਲਾ ਹੁੰਦਾ ਸੀ। ਤੇ ਆਥਣ ਨੂੰ ਨਿਤ ਪ੍ਰਤਿ ਬੜੀ ਰਾਤ ਤਾਈਂ ਕਥਾ ਪ੍ਰਸੰਗ ਤੇ ਕਦੇ ਕਦੇ ਕੀਰਤਨ ਭੀ ਹੁੰਦਾ ਰਹਿੰਦਾ ਸੀ। ਪਰ ਮੇਰਾ ਉਹਨਾਂ ਨਾਲ ਮਨ ਨਾ ਰਲੇ। ਇਕ ਤਾਂ ਸੰਗਤ ਦਾ ਵਿਛੋੜਾ, ਦੂਜੇ ਪਰ ਦੇਸਾਂ ਦੇ ਮਾਮਲੇ ਤੀਸਰੇ ਉਥੋਂ ਦੀ ਸੀਨਰੀ (ਨਜ਼ਾਰੇ) ਤੇ ਸੁੰਦਰ ਆਬੋਹਵਾ ਦੇ ਕਾਰਨ ਮੇਰਾ ਵੈਰਾਗ ਫੁਟ ਫੁਟ ਕੇ ਵਗਣ ਲਗ ਪਿਆ ਤੇ ਠਾਠਾਂ ਮਾਰੇ ਤੇ ਅਜੇਹੇ ਪਰੇਮ ਉਛਾਲੇ ਆਵਣ ਕਿ ਬਿਹਬਲ ਤੇ ਬੇ-ਹੋਸ਼ ਕਰ ਜਾਂਵਣ। ਐਵੇਂ ਬੱਧਾ ਰੁਧਾ ਦੜੇ ਦਫਤਰ ਦਾ ਬੁਤਾ ਪੂਰਾ ਕਰ ਆਇਆ ਕਰਾਂ ਮਸਾਂ ੨ ਦਫਤਰੋਂ ਛੁਟਾਂ ਤੇ ਝਟ ਗੁਰਦੁਆਰੇ-ਆ ਨਿਵਾਂ ਮਸਤਾਨੇ ਜੇਹੇ ਭੂਰੇ ਦੀ ਬੁਕਲ ਮਾਰ ਜੋੜਿਆਂ ਵਾਲੇ ਥਾਂਉ ਆ ਬੈਠਾ ਜਿਥੇ ਮੈਂ ਕਿਸੇ ਦੀ ਨਜ਼ਰ ਵਿਚ ਭੀ ਨਾਂ ਰੜਕ ਸਕਾਂ। ਮੈਨੂੰ ਇਸ ਬਿਧ ਬੇ ਮਲੂਮੇ ਰਹਿਣਾ ਬਹੁਤ ਸੀ ਸੁਖਾਵੇ, ਰਾਤ ਨੂੰ ਗੁਰੂ ਮਹਾਰਾਜ ਦੇ ਸੁਖਾਸਣ ਹੋਣ ਤੀਕ ਉਥੇ ਹੀ ਬੈਠਾ ਰਿਹਾ ਕਰਾਂ। ਸੰਗਤ ਚਲੀ ਜਾਏ ਤਦ ਭੀ ਖੁਸ ਮੁਸ ਹਨੇਰੇ ਵਿਚ ਉਥੇ ਹੀ ਬੈਠਾ ਰਹਾਂ। ਜਦ ਤਾਈਂ ਮੈਨੂੰ ਭਾਈ ਨੂਰ ਸਿੰਘ ਆਕੇ ਹਲੂਣ ਕੇ ਨਾ ਲੇ ਜਾਵੇ ਮੈਨੂੰ ਜਾਣ ਤੇ ਉਠਣ ਦੀ ਅਕਾਂਖਿਆ ਹੀ ਨਾ ਫੁਰੇ। ਛਕਣ ਛਕਾਉਣ ਦੀ ਇਛਾ ਹੀ ਦੂਰ ਹੋ ਗਈ, ਐਵੇਂ ਗਾੜ੍ਹਾ ਬੀੜੀ ਕਰ ਛਡਣੀ।

## ਐਬਟਾਬਾਦ ਦਾ ਮੁਢਲਾ ਬ੍ਰਿਤਾਂਤ।

ਗਲ ਬਾਤ ਉਕਾ ਹੀ ਕਿਸੇ ਨਾਲ ਨਾ ਕਰਨੀ ਦਫਤਰ ਵਿਚ ਚੁਪ ਗੜੁਪ ਦੋ ਚਾਰ ਘੰਟੇ ਆਪਣਾ ਕੰਮ ਕਰ ਆਉਣਾ। ਕਦੇ ਕਿਸੇ ਕੰਦ੍ਰਾ ਵਿਚ ਇਕਲਿਆਂ ਹੀ ਝਲਿਆਂ ਵਾਂਗ ਜਾ ਫਿਰਨਾ। ਉਸ ਕੁਦਰਤੀ ਏਕਾਂਤ ਦੇ ਸੁਹਾਣੇ ਨਜ਼ਾਰੇ ਵਿਚ ਮੇਰੇ ਬੈਰਾਗ ਨੂੰ ਹੋਰ ਹੀ ਫੰਗ ਲਗ ਜਾਵਣ। ਮੈਨੂੰ ਇਕ ਨਾਮ ਦੀ ਲਿਵ ਲਗੀ ਹੋਈ ਹੋਰ ਸੁਧ ਬੁਧ ਕੋਈ ਨਾ ਰਾਤ ਨੂੰ ਨੀਂਦ ਹਰਾਮ ਹੋ ਗਈ, ਅੱਖਾਂ ਪੱਥਰ ਹੋ ਗਈਆਂ, ਜੀ ਭਿਆਣਾ ਹੋ ਰਹਾਂ। ਨਿਤਨੇਮ ਅਨੁਸਾਰ ਇਕ ਬਜੇ ਰਾਤ ਦੇ ਉਠ ਕੇ ਗੁਰਦਵਾਰੇ ਵਾਲੇ ਕੂਪ ਉਤੇ ਇਸ਼ਨਾਨ ਕਰਨਾ ਪਰ ਜਦੋਂ ਬਰਫ ਪੈਣ ਲਗ ਗਈ ਤਾਂ ਆਥਣੇ ਹੀ ਸਰਬ ਲੋਹ ਦੀ ਬਾਲਟੀ ਜਲ ਦੀ ਭਰਾਕੇ ਬੁੰਗੇ ਵਿਚ ਇਸ਼ਨਾਨ ਅਸਥਾਨ ਪਰ ਰਖਾ ਲੈਣੀ ਕਿਉਂਕਿ ਉਸ ਵਕਤ ਬਾਹਰ ਨਿਕਲ ਕੇ ਜਲ ਲਿਆਉਣਾ ਸੁੰਨ ਕਰ ਦਿੰਦਾ ਸੀ। ਸਵੇਰ ਨੂੰ ਬਾਲਟੀ ਵਾਲੇ ਜਲ ਨੇ ਭੀ ਬਰਫ ਸਮਾਨ ਹੀ ਹੋ ਜਾਣਾ ਉਸੇ ਤਰ੍ਹਾਂ ਇਸ਼ਨਾਨ ਕਰ ਲੈਣਾ। ਅੰਦਰ ਹਵਾ ਨਹੀਂ ਆਉਂਦੀ ਸੀ, ਖੂਬ ਅਨੰਦ ਖਿੜਨਾਂ। ਦਿਨ ਚੜ੍ਹਦੇ ਤਾਈਂ ਸਭ ਬਾਣੀਆਂ ਦਾ ਪਾਠ ਬੜੀ ਵੈਰਾਗ ਦਸ਼ਾ ਵਿਚ ਕਰਨਾ, ਪਰ ਨਾਮ ਦੀ ਟੋਟ ਦਿੰਨੋ ਦਿਨ ਵਧਦੀ ਜਾਵੇ। ਜਿਉ ਜਿਉ ਗੁਰਪੁਰਬ ਪੂਰਨਮਾਸ਼ੀ ਨੇੜੇ ਆਉਂਦਾ ਜਾਏ ਤਿਉਂ ਤਿਉਂ ਨਾਮ ਦੀਆਂ ਸਿਕਾਂ ਉਮੰਗਾ ਤਿੱਖੀਆਂ ਤੋਂ ਤਿਖੀਆਂ ਹੁੰਦੀਆਂ ਜਾਣ। ਮਾਇਆ ਜਿਵੇਂ ਗੁਰੂ ਸਾਹਿਬ ਪਰੇਰਨਾ ਕਰਦੇ ਤਿਵੇਂ ਸਭ ਗੁਰੂ ਕੇ ਲੇਖੇ ਲਾ ਛਡਣੀ। ਕੇਵਲ ਦੋਹਾਂ ਦੇ ਨਿਰਬਾਹ ਜੋਗਾ ਗਫਾ ਰਖ ਕੇ ਬਾਕੀ ਸਭ ਗੁਰੂ ਅਰਪਣ ਕਰ ਦੇਣਾ ਬਸਤਰ ਜੋ ਘਰੋਂ ਲੈ ਗਿਆ ਸੀ। ਉਹਨਾਂ ਨਾਲ ਹੀ ਗੁਜ਼ਾਰਾ ਕੀਤਾ। ਬਿਸਤਰਾ ਇਹ ਸੀ, ਇਕ ਕੰਬਲ ਹੇਠਾਂ ਇਕ ਉਤੇ, ਭੂਮ ਆਸਣ ਹੀ ਸਜਣਾ। ਕਿਉਂਕਿ ਗੁਰਦਵਾਰਾ ਸਨਮੁਖ ਸੀ। ਭੈ ਤੇ ਅਦਬ ਵਿਚ ਰਹਿਣ ਨੂੰ



www.AKJ.Org

ਬ੍ਰਿਤੀ ਪਹਿਲਾਂ ਤੋਂ ਹੀ ਕਬੂਲ ਕਰ ਚੁਕੀ ਸੀ

ਗੁਰਪੁਰਬ ਪੂਰਨਮਾਸ਼ੀ ਤੋਂ ਦੋ ਦਿਨ ਪਹਿਲਾਂ ਮੇਰੇ ਪਾਸ ਇਕ ਪੰਥਕ ਪੇਪਰ (ਅਖਬਾਰ) ਤੇ ਗੁਰਪੁਰਬ ਟਰੈਕਟ ਪਹੁੰਚੇ। ਦੋਹਾਂ ਵਿਚ ਹੀ ਨਾਮ ਦਾਨ ਮੰਗਣ ਦੀ ਪਰੇਰਨਾ ਸੀ। ਮੈਂ ਜਾਤਾ ਕਿ ਗੁਰੂ ਨੇ ਖਾਸ ਤੌਰ ਤੇ ਇਹ ਮੈਨੂੰ ਨਿਵਾਜਣਾ ਚਾਹਿਆ ਹੈ। ਮੇਰੇ ਅੰਦਰ ਨਾਮ ਦਾਨ ਲਈ ਪਰਾਰਥਨਾ ਕਰਨ ਦੀ ਹੁਬ ਉਠੀ। ਮੈਂ ਓੜਕ ਸਮੇਂ ਨੂੰ ਸਾਂਭ ਲਿਆ। ਆਪਣੀ ਇਕਾਂਤ ਗੁਫਾ ਵਿਚ ਰਹਿਰਾਸ, ਆਰਤੀ, ਸੋਹਿਲਾ ਤੋਂ ਪਸ਼ਚਾਤ ਅਰਦਾਸਾ ਸੋਧ ਕੇ ਲਗਾ ਪਰਾਰਥਨਾ ਕਰਨ ਪ੍ਰਾਰਥਨਾ ਪਰ ਮੈਨੂੰ ਐਸਾ ਭਾਸਿਆ ਕਿ ਪ੍ਰਾਰਥਨਾ ਦੀ ਥੋਹ ਮੈਨੂੰ ਕੋਈ ਅਗੰਮੀ ਤਾਕਤ ਦਸ ਰਹੀ ਹੈ। ਤੇ ਆ-ਮੁਹਾਰੀ ਪ੍ਰਾਰਥਨਾ ਮੈਨੂੰ ਫੁਰ ਰਹੀ ਹੈ। ਨੇਤਰਾਂ ਵਿਚੋਂ ਭੀ ਆ ਮੁਹਾਰਾ ਜਲ ਚਲਿਆ ਜਾ ਰਿਹਾ ਹੈ। ਮੈਨੂੰ ਪ੍ਰਾਰਥਨਾਂ ਕਰਨ ਵਿਚ ਇਕ ਅਨੋਖਾ ਹੀ ਸਵਾਦ ਆਵੇ, ਹਟਣ ਨੂੰ ਜੀ ਨ ਕਰੇ। ਜਦੋਂ ਹੋਰ ਸਭ ਕੁਛ ਔੜਨੋ ਬੰਦ ਹੋ ਗਿਆ ਤਾਂ ਕੇਵਲ ਹੇ ਗੁਰੂ ! ਹੇ ਗੁਰੂ ! ਨਾਮ ਬਖਸ਼ ਨਾਮ ਦ੍ਰਿੜਾ ਦੇਹ ਨਾਮ ਜਪਣ ਲਾ ਦੇਹ। ਇਤਨੇ ਸ਼ਬਦ ਹੀ ਮੂੰਹੋਂ ਨਿਕਲਦੇ ਰਹੇ। ਤੇ ਓੜਕ ਨੂੰ।

**ਨਾਮ ਦੀ ਜਾਚਨਾ**—ਹੇ ਗੁਰੂ ! ਹੇ ਗੁਰੂ ਇਤਨੀ ਲਲਨਾ ਹੀ ਰਹਿ ਗਈ। ਹੇ ਗੁਰੂ ! ਹੇ ਗੁਰੂ ਕਰਦੇ ਨੂੰ ਮੈਨੂੰ ਕੁਛ ਪਤਾ ਨਹੀਂ ਰਿਹਾ। ਆਪਣੇ ਸਰੀਰ ਦੀ ਸੁਧ ਨਾ ਰਹੀ ਤੇ ਮੈਨੂੰ ਪਤਾ ਨਹੀਂ ਕਿ ਕਦੋਂ ਮੈਂ ਖੜਾ ੨ ਡਿਗ ਪਿਆ ਹਾਂ ਕੇਵਲ ਇਤਨੀ ਸੋਝੀ ਹੈ ਕਿ ਇਕ ਅਗੰਮੀ ਆਵਾਜ਼ ਨੇ ਹਲਾ ਸ਼ੇਰੀ ਦਿਤੀ ਕਿ:—

**ਅਗੰਮੀ ਆਵਾਜ**—"ਉਠ ਤਕੜਾ ਹੋ ! ਤੇਰੇ ਸਚੇ ਗੁਰਦੇਵ ਗੁਰੂ ਗਰੰਥ ਸਾਹਿਬ ਜੀ ਤੈਨੂੰ ! ਪ੍ਰਾਤਾਕਾਲ ਹੀ ਨਾਮ ਦੇਵਣਗੇ। ਜਿਹੜੀ ਪਹਿਲੀ ਦੁਤੁਕੀ ਗੁਰੂ ਮਹਾਰਾਜ ਦੀ ਗੁਰੂ ਦੁਆਰੇ ਵੜਨ ਸਾਰ ਤੇਰੇ ਕੰਨਾਂ ਵਿਚ ਪਵੇਗੀ। ਉਸੇ ਵਿਚ ਤੇਰਾ ਬੇੜਾ ਪਾਰ ਹੋ ਜਾਣਾ ਹੈ। ਤੇ ਨਾਮ ਨੇ ਅੰਦਰ ਨਿਵਾਸ ਕਰ ਜਾਣਾ ਹੈ। ਸਾਵਾਧਾਨ ਹੋ ਕੇ ਸੰਭਾਲੀ।"

ਫੇਰ ਇਕ ਹੁੱਜ ਜਹੀ ਵੱਜੀ। ਮੈਂ ਸਾਵਧਾਨ ਹੋ ਗਿਆ ਦੇਖਾਂ ਤਾਂ ਪਿਆ ਉਠਿਆ ਹਾਂ ਪਰ ਬ੍ਰਿਤੀ ਮੇਰੀ ਉਸੇ ਤਰਾਂ ਪ੍ਰਾਰਥਨਾ ਵਿਚ ਹੀ ਹੈ। ਸਾਵਧਾਨ ਹੁੰਦੇ ਸਾਰ ਆ ਮੁਹਾਰੇ ਹੀ ਬਾਰਾਂ ਮਾਂਹ ਮਾਝ ਦੀ ਬੈਰਾਗ ਦੀ ਧੁੰਨੀ ਛਿੜ ਗਈ:—

(ਚਲਦਾ)

---

## ਜ਼ਰੂਰੀ ਸੂਚਨਾ

ਪ੍ਰਗਟੀ ਜੋਤ ਮਿਲ ਰਾਮ ਪਿਆਰੇ

ਏਹ ਟਰੈਕਟ ਤਕਰੀਬਨ ੭੦ ਸਫੇ ਦਾ ਛਪੇਗਾ ਕਾਗਜ਼ ਵਧੀਆ ਤੇ ਸੁੰਦਰ ਛਪਾਈ ਕੀਤੀ ਜਾਵੇਗੀ। ਇਸ ਟਰੈਕਟ ਦੀ ਭੇਟਾ ਕੇਵਲ ਲਾਗਤ ਮਾਤਰ ੨੫ ਰੁਪਏ ਸੈਂਕੜਾ ਹੋਵੇਗੀ। ਜਿਨ੍ਹਾਂ ਵੀਰਾਂ ਨੇ ਇਸ ਦੀ ਛਪਾਈ ਵਿਚ ਹਿਸਾ ਪਾਉਣਾ ਹੋਵੇ ਉਹ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਨਾਮ ਭੇਜਣ ਦੀ ਖੇਚਲ ਕਰਨ ਤਾਂਕਿ ਏਹ ਟਰੈਕਟ ਵਧ ਤੋਂ ਵਧ ਸੰਖਿਆ ਛਾਪਿਆ ਜਾ ਸਕੇ।

ਮੈਨੇਜਰ "ਸੂਰਾ"
594/3 ਖਾਲਸਾ ਮਹਲਾ, ਪਟਿਆਲਾ।



www.AKJ.Org

# ਇਕੋ ਇਕ ਸਹੀ ਅਰਥ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

## ਕੇਸੋ ਗੋਪਾਲ, ਬੇਬਾਣ

ਕੇਸੋ ਗੋਪਾਲ ਪੰਡਿਤ ਸਦਿਅਹ
ਹਰਿ ਹਰਿ ਕਥਾ ਪੜਹਿ ਪੁਰਾਣ ਜੀਓ ॥
(ਸਦ ਰਾਮਕਲੀ)

ਪਿਰਥਵੀ ਦੇ ਪਾਲਣ ਹਾਰੇ ਪਰਮਾਤਮਾ (ਕੇਸੋ ਗੋਪਾਲ) ਵਾਹਿਗੁਰੂ ਦੇ ਗੁਰਮਤਿ ਗਿਆਨ ਵਾਨ ਸੰਤ ਜਨਾਂ (ਪੰਡਤਾਂ) ਕੀਰਤਨੀ ਜਨਾਂ, ਨਿਰਬਾਣ ਕੀਰਤਨ ਕਰਨ ਹਾਰੇ ਭਗਤ ਜਨਾਂ ਨੂੰ ਸਦ ਬੁਲਾਇਓ। ਜੋ ਪਰਸਪਰ ਮਿਲਕੇ ਹਰਿ ਹਰਿ ਕਥਾ ਕੀਰਤਨ ਰੂਪੀ ਸਚੀ ਪੁਰਾਨ ਮਈ ਗੁਰਬਾਣੀ ਦਾ ਪਾਠ ਉਚਾਰਣ ਕਰਨ ਕੀਰਤਨ ਪਾਠ ਕਰਨ। ਵੇਦ ਪੁਰਾਣੀ ਮਤ ਦੇ ਗੁਸ਼ੇ ਹੋਏ ਅਗਿਆਨੀ ਲੋਕ ਜੋ ਅਰਥ ਕਰਦੇ ਹਨ ਕਿ ਕੇਸੋ ਗੋਪਾਲ ਨਾਮੇ ਪੰਡਿਤ ਬ੍ਰਾਹਮਣ ਨੂੰ ਸਦਿਓ ਜੋ ਪੁਰਾਣਾ ਦੀ ਕਥਾ ਕਰੇ। ਇਹ ਅਰਥ ਉਕਾ ਹੀ ਬਣਦੇ ਨਹੀਂ। ਕਿਉਂਕਿ ਜੇ ਗੋਪਾਲ ਖਾਸ ਨਾਮ (Proper Noun) ਹੁੰਦਾ ਤਾਂ ਇਸ ਦੇ ਪਿਛਲੇ ਅੱਖਰ ਲੱਲੇ ਨੂੰ ਔਂਕੜ ਜ਼ਰੂਰ ਲਗਿਆ ਹੋਣਾ ਚਾਹੀਦਾ ਸੀ। ਗੁਰਬਾਣੀ ਦੇ ਲਗ ਮਾਤ੍ਰਾਂ ਵਾਲੇ ਨਿਯਮਾਂ ਅਨੁਸਾਰ, ਪਰ ਇਥੇ ਔਂਕੜ ਨਹੀਂ ਲਗਿਆ ਹੋਇਆ ਅਤੇ ਪੰਡਿਤ ਪਦ ਦੇ ਤਤੇ ਅਖਰ ਨੂੰ ਭੀ ਔਂਕੜ ਲਗਿਆ ਹੋਣਾ ਚਾਹੀਦਾ ਸੀ। ਪਰ ਹੈ ਨਹੀਂ। ਤਾਂ ਤੇ 'ਪੰਡਿਤ' ਪਦ ਬਹੁ ਵਚਨ ਨਾਵ (Plnral Noun) ਹੈ। ਇਕ ਬਚਨ ਨਾਵ Singular (Noun) ਨਹੀਂ। ਬਹੁ ਬਚਨ ਨਾਵ (Plural Noun) ਹੋਣ ਦੀ ਪੱਕੀ ਪਰੋੜਤਾ ਇਉਂ ਭੀ ਹੁੰਦੀ ਹੈ ਕਿ ਇਸ ਸਬੰਧੀ ਕਿਰਿਆ (Verb) ਬਹੁ ਬਚਨ ਵਾਚਕ ਕਿਰਿਆ 'ਪੜਹਿ' ਹੈ। ਜੇਕਰ ਇਹ ਇਕ ਬਚਨ ਨਾਵ ਹੁੰਦਾ ਤਾਂ ਇਸ ਦੀ ਕਿਰਿਆ ਵਾਚਨੀ ਪਦ 'ਪੜਹਿ' ਦੇ ਥਾਉਂ ਪੜ੍ਹੈ ਜਾਂ 'ਪੜੇ' ਹੁੰਦਾ ਤਾਂ ਤੇ ਕੇਸੋ ਗੋਪਾਲ ਰੂਪੀ ਪੰਡਿਤ ਬੁਲਾਵਣ ਵਾਲੇ ਅਰਥ ਉਕੇ ਅਨੁਥਾ ਅਤੇ ਅਨਰਥ ਹਨ ਜੇ ਕੋਈ ਕਹੇ ਕਿ ਕੇਸੋ ਤੇ ਗੋਪਾਲ ਦੋ ਪੰਡਿਤ ਬਲਾਉ ਵਾਲਾ ਅਰਥ ਲਗਾਓ ਤਾਂ ਭੀ ਨਹੀਂ ਬਣਦਾ, ਕਿਉਂਕਿ ਹਰ ਸੂਰਤ ਵਿਚ ਗੋਪਾਲ ਪਦ ਦੇ ਲਲੇ ਅਖਰ ਨੂੰ ਔਂਕੜ ਹੋਣਾ ਚਾਹੀਦਾ ਹੈ। ਤਾਂ ਹੀ ਤਾਂ ਖਾਸ ਨਾਵ (Proper Noun) ਬਣਦਾ ਹੈ, ਐਵੇਂ ਨਹੀਂ। ਨਾਲ ਪਹਿਲੀ ਤੁਕ ਵਿਚਿ ਸਾਫ ਇਉਂ ਉਚਾਰਨ ਹੋਇਆ ਹੈ—

ਅੰਤੇ ਸਤਿਗੁਰ ਬੋਲਿਆ ਮੈ ਪਿਛੈ ਕੀਰਤਨ ਕਰਿਅਹੁ ਨਿਰਬਾਣ ਜੀਉ ॥

ਸੋ ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨ ਹਾਰੇ ਗੁਰਮੁਖ ਸਿਖ ਹੀ ਹੋ ਸਕਦੇ ਹਨ। ਬ੍ਰਾਹਮਣਾਂ ਪੰਡਿਤਾਂ ਨੇ ਕੀ ਕੀਰਤਨ ਕਰ ਸਕਣਾ ਸੀ। ਦੋ ਪੰਡਿਤ ਕੇਸੋ ਤੇ ਗੋਪਾਲ ਨਾਮ ਦੇ ਕਦੇ ਕੀਰਤਨੀਏ ਨਹੀਂ ਸੁਣੇ, ਨਾਹੀ ਭਾਈ ਗੁਰਦਾਸ ਜੀ ਦੀ ਗੁਰਸਿਖਾਂ ਦੇ ਨਾਵਾਂ ਵਾਲੀ (ਨਾਮਾਵਾਲੀ) ਗਿਆਰਵੀਂ ਵਾਰ ਵਿਚਿ ਕਿਤੇ ਏਹ ਨਾਉਂ ਦੋਈ ਕੇਸੋ ਤੇ ਗੋਪਾਲ ਦੇ ਆਉਂਦੇ ਹਨ। ਤਾਂ ਤੇ ਉਕਤ ਅਰਥ ਬਿਲਕੁਲ ਮਨ ਘੜਤ ਅਤੇ ਖਿਚਵੇਂ ਹਨ। ਗੁਰੂ ਘਰ ਅੰਦਰ ਹਰਿ ਹਰਿ ਨਾਮ (ਗੁਰਮਤਿ ਨਾਮ) ਦਾ ਰਟਨ ਅਤੇ ਗੁਰਬਾਣੀ ਦਾ ਨਿਰਬਾਣ ਕੀਰਤਨ ਹੀ ਮੁਖ ਪਰਮਾਣੀਕ ਪੁਰਾਨ ਹੈ। ਹੋਰ ਕਿਸੇ ਪੁਰਾਨ ਦਾ ਵਿਧਾਨ ਗੁਰਮਤਿ ਅੰਦਰ ਨਹੀਂ।



www.AKJ.Org

ਕੇਸੋ ਤੇ ਗੋਪਾਲ ਕੇਹੜੇ ਪਰਸਿਧ ਕੀਰਤਨੀਏ ਸਿਖ ਆ ਗਏ ਐਵੇਂ ਢਕੋਂਸਲਾ ਹੈ ਅਗਲੀ ਤੁਕ—

ਹਰਿ ਕੱਥਾ ਪੜੀਐ ਹਰਿ ਨਾਮ ਸੁਣੀਐ ।
ਬੇਬਾਣੁ ਹਰਿ ਰੰਗੁ ਗੁਰ ਭਾਵਏ ॥

ਸਾਫ ਦਸਦੀ ਹੈ ਕਿ ਗੁਰੂ ਨੂੰ ਭਾਉਣ ਵਾਲੀ ਗੁਰਬਾਣੀ ਪੜਨ ਸੁਣਨ ਅਤੇ ਗੁਰਮਤਿ ਨਾਮ ਰਟਨ ਮਈ ਕਥਾ ਹੀ ਭਾਵੰਦੀ ਹੈ । ਇਹੋ ਗੁਰਮਤਿ ਮਰਯਾਦਾ ਗੁਰੂ ਘਰ ਅੰਦਰ ਹੈ ਕਿ ਗੁਰਬਾਣੀ ਦਾ ਕੀਰਤਨ ਕਰਦੇ ਹੋਏ ਅਰਥੀ ਨੂੰ ਲੈ ਜਾਵਣਾ । ਹੋਰ ਬੇਬਾਣ ਕਢਣਾ ਸਭ ਮਨਮਤਿ ਹੈ । ਗੁਰਮਤਿ ਦਾ ਬੇਬਾਣ ਉਪਰਲਾ ਬਿਆਨ ਕੀਤਾ ਹੀ ਪਰਵਾਣ ਹੈ ।

## ਹਰਿ ਸਰ

ਹਰਿ ਸਰੁ ਸਾਗਰੁ ਨਿਰਮਲ ਸੋਈ ॥
ਸੰਤ ਚੁਗਹਿ ਨਿਤ ਗੁਰਮੁਖ ਹੋਈ ॥

ਗੁਰਵਾਕ ਅਨੁਸਾਰ ਗੁਰਮੁਖ ਹੰਸਲੇ ਗੁਰਸਿਖ ਸੰਤ ਗੁਰੂ ਘਰ ਦੇ ਸਤਸੰਗ ਰੂਪੀ ਸਰੋਵਰ ਵਿਚ ਇਕਤ੍ਰ ਹੋ ਕੇ (ਜੁੜਕੇ) ਨਿਰਮਲ ਨਾਮ ਰੂਪੀ ਮੋਤੀ ਚੁਗਦੇ ਹਨ, ਨਿਤਾ ਪ੍ਰਤਿ ਅਤੇ ਹਰਿ ਸਰ ਸਾਗਰ ਹਰਿ ਹੈ ਆਪੇ, ਦੇ ਗੁਰਵਾਕ ਭਾਵ ਅਨੁਸਾਰ ਸਰਬ ਵਿਆਪਕ ਵਾਹਿਗੁਰੂ ਅਤੇ ਨਾਮੀ ਵਾਹਿਗੁਰੂ ਅਭੇਦ ਨਾਮੁ ਵਾਹਿਗੁਰੂ ਹੀ ਬਜਾਤੇ ਸਰ ਖੁਦ ਹਰਿ ਸਗ਼ਰ ਹੈ:—

ਗੁਰ ਸਰਵਰੁ ਮਾਨੁ ਸਰੋਵਰ ਹੈ ਵਡਭਾਗੀ ਪੁਰਖ ਲਹੰਨਿ ॥ ਸੇਵਕ ਗੁਰਮੁਖ ਖੋਜਿਆ ਸੇ ਹੰਸੁਲੇ ਨਾਮ ਲਹੰਨਿ ॥ ਗੁਰੁ ਸਰਵਰੁ ਹਮ ਹੰਸ ਪਿਆਰੇ ॥ ਸਾਗਰ ਮਹਿ ਰਤਨ ਲਾਲ ਬਹੁਸਾਰੇ ॥ ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨ ਤਨ ਭੀਨਾ ਹੇ ॥

ਪੁਨਾ—ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲ ਨਾਏ ॥

ਤਥਾ—ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਤੁਠਾ ਖੋਲਿ ਦੇਇ ਮੁਖ ਗੁਰਮੁਖਿ ਹਰਿ ਪਰਗਾਸਿ ॥

ਪੁਨਾਂ—ਸਰਵਰ ਹੰਸੁ ਧੁਰੇ ਹੀ ਮੇਲਾ ਖਸਮੇ ਏਵੈ ਭਾਣਾ ॥ ਸਰਵਰ ਅੰਦਰ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥

ਤਥਾ—ਸਤਿਗੁਰ ਸਰਵਰੁ ਰਤਨੀ ਭਰਪੂਰੇ ਜਿਸ ਪ੍ਰਾਪਤ ਸੋ ਪਾਵੈ ॥ ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚ ਰਹੇ ਤੋਟਿ ਨ ਆਵੈ ॥

ਏਹਨਾਂ ਉਪਰਲੇ ਗੁਰ ਪ੍ਰਮਾਣਾਂ ਦੇ ਭਾਵਾਂ ਦੀ ਰੋਸ਼ਨੀ ਵਿਚਿ ਤਦੇ 'ਪਿੰਡ ਪਤਲ ਦੀਵਾ ਕਿਰਿਆ ਫੁਲਹਰਿ ਸਰਿ ਪਾਵਏ ॥

ਏਹਨਾਂ ਦਾ ਸਪਸ਼ਟ ਭਾਵ ਇਹੀ **ਹੈ ਕਿ** ਗੁਰੂ ਘਰ ਦੀ ਸਤਿ ਸੰਗਤ ਰੂਪੀ ਹਰਿ ਸਰਿ ਸਰੋਵਰ ਵਿਚ ਮਿਲ ਬੈਠਣਾ ਹਰਿ ਜਸ ਪ੍ਰਾਪਤਿ ਕਰਨਾ ਹੈ । ਹੋਰ ਆਨਮਤ ਕਿਰਿਆ ਦੀ ਲੋੜ ਨਹੀਂ । ਨਾਹੀਂ ਪਿੰਡ ਭਰਨ ਦੀ ਲੋੜ ਹੈ ਪਤਲਾਂ ਵਿਚਿ, ਨਾ ਹੀ ਫੁਲ ਪਾਉਣ ਦੀ ਲੋੜ ਹੈ ਕਿਤੇ ਹਰਿਦੁਆਰ ਆਦਿਕ । ਆਨਮਤ ਕਿਰਿਆ ਦੀ ਰੀਸ ਘੜੀਸੇ ਜਿਨਾਂ ਨਕਲੀ ਸਿਖਾਂ ਨੇ ਪਤਾਲ ਪੁਰੀ ਨੂੰ ਹਰਿ ਸਰਿ ਤੀਰਥ ਫੁਲ ਪਾਉਣ ਲਈ ਬਣਾ ਛਡਿਆ ਹੈ ਸੋ ਸਭ ਕਪੋਲ ਕਲਪਤ ਕਿਰਿਆ ਹੈ । ਗੁਰਮਤਿ ਅਨੁਸਾਰੀ ਕਿਰਿਆ ਨਹੀਂ ।

## ਤਿਲਕੁ

ਰਾਮ ਦਾਸ ਸੋਢੀ ਤਿਲਕੁ ਦੀਆ
ਗੁਰ ਸਬਦੁ ਸਚੁ ਨੀਸਾਣ ਜੀਉ ॥
(ਸਦ ਰਾਮ ਕਲੀ)

ਰਾਮਦਾਸ ਸੋਢੀ ਨੂੰ ਗੁਰੂ ਅਮਰਦਾਸ ਸਾਹਿਬ ਨੇ ਗੁਰਆਈ ਦਾ ਤਿਲਕ ਦਿਤਾ । 'ਗੁਰ ਸ਼ਬਦੁ ਸਚੁ ਨੀਸਾਣ' ਰੂਪੀ ਗੁਰਮਤਿ ਸਚੀ ਗੁਰਿਆਈ ਦਾ ਸਚਾ ਤਿਲਕ ਦਿਤਾ । ਮਸਤਕਿ ਸਤਿਗੁਰ ਦਾਗੁ ਦਗਾਨਾ ॥ ਗੁਰੁ ਸ਼ਬਦ ਰੂਪੀ ਜੋਤਿ ਅੰਤਰ ਆਤਮ ਜਗਾ ਕੇ ਮਸਤਕ ਭੀ ਜੋਤਿ ਜੰਗਨਾ ਦੱਗ ਦਗੰਨਾ ਕਰ ਦਿਤਾ ਐਸਾ ਤਿਲਕ ਹੈ ਗੁਰਿਆਈ ਦਾ । ਆਤਮ ਪਰਮਾਤਮੀ ਜਗਮਗੀ ਜੋਤਿ ਮਿਲਾਵੇ ਦੇ ਨੀਸਾਨ



www.AKJ.Org

ਦਾ ਤਿਲਕ ਹੈ । ਹੋਰ ਕੋਈ ਸੰਧੂਰ ਦਾ ਟਿਕਾ ਨਹੀਂ ਜੈਸਾ ਕਿ ਹਿੰਦੂ ਮਤ ਲਿਬੜ ਪੰਥੀਏ ਬਿਆਨ ਕਰਦੇ ਹਨ। ਤਿਲਕ ਪਦ ਦੇ ਕਕੇ ਅਖਰ ਨੂੰ ਔਕੜ ਹੈ ਅਤੇ ਓਧਰ ਨਾਲ ਲਗਦੇ 'ਸਬਦੁ ਸਚੁ ਨੀਸਾਨੁ ਤੇਹਾਂ ਪਦਾਂ ਦੇ ਪਿਛਲੇ ਅੱਖਰਾਂ ਦੱਦੇ, ਚੱਚੇ ਅਤੇ ਨੰਨੇ ਨੂੰ ਭੀ ਔਂਕੜ ਹੋਣਾ ਇਹ ਸ਼ੁਧ ਅਰਥ ਸਹੀ ਰਖਦਾ ਹੈ ਕਿ ਇਹ ਤਿਲਕ ਗੁਰ ਦੀਖਿਆ ਮਈ, ਸ਼ਬਦ ਰੂਪੀ ਗੁਰਮਤਿ ਸਚੁ (ਨਾਮ) ਰੂਪੀ ਸਚੜੇ ਨੀਸਾਣੁ ਰੂਪੀ ਜੋਤਿ ਨੀਸਾਨੀ ਤਿਲਕ ਹੈ । ਫੋਕਾ ਸੰਧੂਰਕ ਤਿਲਕ ਨਹੀਂ । ਦੁਨੀਆਂ ਦੀ ਰਸਮ ਦਾ ਏਥੇ ਲੇਸ ਮਾਤਰ ਨਹੀਂ ।

## ਸਭ

ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪ ਰਖਿਆ ।

ਸਭ ਉੱਮਤ ਸਤਿਗੁਰੂ (ਰਾਮ ਦਾਸ ਜੀ) ਦੀ ਪੈਰੀਂ ਪੈਣ ਲਗੀ ਕਿਉਂਕਿ ਸਤਿਗੁਰੂ ਰਾਮ ਦਾਸ ਜੀ ਦੇ ਜੋਤਿ ਜਾਮੇ ਵਿਚਿ ਸਤਿਗੁਰੂ ਅਮਰ ਦਾਸ ਜੀ ਨੇ ਆਪਣਾ ਜੋਤਿ ਗੁਰੰਨਾ ਸਰੂਪ (ਆਪਣਾ ਆਪੁ) ਪਰਵੇਸ਼ ਕੀਤਾ (ਰਖਿਆ) 'ਸਭ' ਪਦ ਦਾ ਭਭਾ ਅਖਰ ਇਸ ਕਰਕੇ ਮੁਕਤਾ ਹੈ ਕਿਉਂਕਿ ਇਹ 'ਉਮਤ' ਰੂਪੀ ਇਸਤਰੀ ਲਿੰਗ ਨਾਵ (Noun Feminance Gender) ਦਾ ਗੇਣਤੀਆਂ ਵਿਸ਼ੇਸ਼ਨ (Colective adjective) ਹੈ 'ਆਪ' ਪਦ ਦੇ ਪੱਪੇ ਦਾ ਔਂਕੜ ਆਪਣੇ ਸਰੂਪ ਦਾ ਅਰਥ ਦਿੰਦਾ ਹੈ ।

—o—

---


# ਅਖੰਡ ਕੀਰਤਨੀ ਜੱਥਾ ਪਟਿਆਲਾ

ਵਲੋਂ

## ਅਖੰਡ ਪਾਠ ਸਮਾਗਮ

ਦਿਨ ਸ਼ੁਕਰਵਾਰ ੨ ਸਤੰਬਰ ੧੯੬੬ ਨੂੰ

ਕੀਰਤਨ ਆਸਾ ਦੀ ਵਾਰ ੪ ਬਜੇ ਤੋਂ ੬ ਬਜੇ ਤਕ ਉਤਰੰਤ ਸ੍ਰੀ ਅਖੰਡ ਪਾਠ ਅਰੰਭ

ਦਿਨ ਐਤਵਾਰ ੪ ਸਤੰਬਰ ੧੯੬੬ ਨੂੰ

ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਦੀ ਵਾਰ

ਚਲ ਸੋ ਚਲ

ਸਮਾਗਮ ਅਸਥਾਨ :—

**ਭਾਈ ਸੁਰਜੀਤ ਸਿੰਘ, ਬੈਂਕ ਕਾਲੋਨੀ ਪਟਿਆਲਾ ।**





www.AKJ.Org

# ਕੀ ਗੁਰਮਤਿ ਇਕ ਸਾਇੰਟੈਫਿਕ ਧਰਮ ਹੈ ?

## ਇਕ ਵਿਚਾਰ

(ਮਾ: ਗੁਰਮੁਖ ਸਿੰਘ M. A. ਪਟਿਆਲਾ)

ਇਹ ਕਈ ਵਾਰੀ ਵਿਦਵਾਨਾਂ ਦੇ ਮੂਹੋਂ ਸੁਣਿਆ ਹੈ ਕਿ ਗੁਰਮਤਿ ਇਕ ਸਾਇੰਟੇਫਿਕ ਧਰਮ ਹੈ। ਇਸ ਦੇ ਪਿਛੇ ਸਿਰਫ ਇਕੋ ਗਲ ਕੰਮ ਕਰਦੀ ਦਿਸਦੀ ਹੈ ਕਿ ਸਿਖ ਧਰਮ ਨੂੰ ਸਾਇੰਟੇਫਿਕ ਆਖਣ ਨਾਲ ਆਮ ਜਨਤਾ ਇਸਨੂੰ ਨਵੀਨ ਸਮਝੇਗੀ ਤੇ ਮਾਡਰਨ ਖਿਆਲ ਕਰੇਗੀ। ਇਸੇ ਗਲ ਵਿਚ ਸਿਖ ਧਰਮ ਦੀ ਸ਼ਾਨ ਹੈ ਕਿਉਂਕਿ ਅਜ ਦੇ ਲੋਗ ਸਾਇੰਟੇਫਿਕ ਸ਼ਬਦ ਦੇ ਪੁਜਾਰੀ ਹਨ। ਯੁਗ ਸਾਇੰਸ ਦਾ ਹੈ ਇਸ ਲਈ ਮਨੁਖ ਦੀ ਹਰ ਇਹ ਕ੍ਰਿਆ-ਖੇਤਰ ਵਿਚ ਇਸ ਦਾ ਸਤਕਾਰ ਹੋ ਰਿਹਾ ਹੈ। ਜਿਥੇ ਕਿਥੇ ਇਸ ਨੂੰ ਸਨਮਾਨ ਨਹੀਂ ਦਿਤਾ ਜਾਂਦਾ ਉਥੇ ਉਥੇ ਉਹ ਲੋਗ ਜਾਂ ਉਹ ਖੇਤਰ ਪਛੜਿਆ ਗਿਣਿਆ ਜਾਂਦਾ ਹੈ। ਇਸ ਲਈ ਜੇ ਕੁਝ ਵਿਦਵਾਨ ਗੁਰਮਤਿ ਨੂੰ ਵੀ ਸਾਇੰਟੇਫਿਕ ਕਹਿ ਦੇਣ ਤਾਂ ਅਚੰਭਾ ਨਹੀਂ ਕਰਨਾ ਚਾਹੀਦਾ ਕਿਉਂਕਿ ਉਹਨਾਂ ਦੀ ਸ਼ਰਧਾ ਹੈ ਕਿ ਚੜ੍ਹਦੇ ਸੂਰਜ ਨੂੰ ਪਰਨਾਮ ਕਰਕੇ ਗੁਰੂ ਸਾਹਿਬ ਜੀ ਨੂੰ ਮਾਡਰਨ ਧਰਮ ਦੇ ਆਗੂ ਮੰਨਵਾਇਆ ਜਾਏ ਇਸ ਤਰ੍ਹਾਂ ਕਰਨਾ ਨਾ ਕੇਵਲ ਉਹਨਾਂ ਲਈ ਹਿਤਕਾਰੀ ਤੇ ਮਾਣ ਦੀ ਗਲ ਹੈ, ਸਗੋਂ ਨਵੇਂ ਜਗਯਾਸੂਆਂ ਲਈ ਵੀ ਦੁਨਿਆਵੀ ਫਖਰ ਹੈ।

ਪਰ ਅਸਲੀਅਤ, ਇਹ ਹੈ ਕਿ ਗੁਰਮਤਿ ਸਾਇੰਸ ਨੂੰ ਬਹੁਤ ਪਿਛੇ ਛਡ ਕੇ ਕਾਫੀ ਅਗੇ ਵਧ ਜਾਂਦੀ ਹੈ। ਇਸ ਲਈ ਗੁਰਮਤਿ ਨੂੰ ਸਾਇੰਟੇਫਿਕ ਆਖ ਦੇਣਾ ਇਉਂ ਹੈ ਜਿਵੇਂ ਸੂਰਜ ਦੇ ਸਾਹਮਣੇ ਦੀਵਾ, ਜਿਵੇਂ ਸਮੁੰਦਰ ਦੇ ਸਾਹਮਣੇ ਦਰਿਆ, ਜਿਵੇਂ ਵਿਦਵਾਨ ਦੇ ਸਾਹਮਣੇ ਅਨਪੜ੍ਹ, ਜਿਵੇਂ ਬ੍ਰਹਮ ਗਿਆਨੀ ਦੇ ਸਾਹਮਣੇ ਅਗਿਆਨੀ। ਦੋਨਾਂ ਦੇ ਦਾਇਰੇ ਵਖੋ ਵਖ ਹਨ, ਦੋਨਾਂ ਦੇ ਖੇਤਰ ਵਖੋ ਵਖ ਹਨ, ਦੋਨਾਂ ਦੀ ਖੋਜ ਦੇ ਤਰੀਕੇ ਵਖੋ ਵਖ ਹਨ, ਅਤੇ ਦੋਨਾ ਦੇ ਤਥਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਗੁਰਮਤਿ ਸ਼ੁਰੂ ਹੀ ਉਥੋਂ ਹੁੰਦੀ ਹੈ ਜਿਥੇ ਸਾਇੰਸ ਦੀ ਜ਼ਦੋਜਹਿਦ ਦੀ ਹਦ ਮੁਕ ਜਾਂਦੀ ਹੈ। ਸਾਇੰਸ ਅਸਥੂਲ ਹੈ ਪਰ ਗੁਰਮਤਿ ਸੂਖਮ ਤੋਂ ਸੂਖਮ ਗਹੁਜ ਗਲਾਂ ਨਾਲ ਸਬੰਧ ਰਖਦੀ ਹੈ। ਇਸ ਲਈ ਇਸ ਨੂੰ ਸਾਇੰਟੇਫਿਕ ਆਖ ਕੇ ਸਗੋਂ ਇਸ ਦੀ ਤੋਹੀਨ ਕਰਨਾ ਹੈ। ਜਿਥੋਂ ਤਕ ਕਿ ਸਾਇੰਸ ਦੇ ਸਾਇੰਟੇਫਿਕ ਤਥਾਂ ਦਾ ਅਤੇ ਗੁਰਮਤਿ ਦੇ ਤਥਾਂ ਦਾ ਸਬੰਧ ਹੈ, ਇਹ ਮੰਨਣਾ ਪਵੇਗਾ ਕਿ ਗੁਰਮਤਿ ਦੇ ਤਥ ਸਾਇੰਟੇਫਿਕ ਨਹੀਂ ਦਿਬ—ਲੋਇਣੀ ਹਨ, ਇਸ ਲਈ ਸਾਇੰਸ ਤੋਂ ਉਚੇਰੀ ਪਧਰ ਤੇ ਹਨ।

**ਸਾਇੰਟੇਫਿਕ**—ਇਸ ਸ਼ਬਦ ਦੇ ਅਰਥ ਹਨ, ਉਹ ਮਨੁਖੀ ਗਿਆਨ ਜੋ ਕਿਸੇ ਖਾਸ ਤਰਤੀਬ ਨਾਲ ਕੱਠਾ ਕੀਤਾ ਜਾਏ ਜਿਸ ਗਿਆਨ ਦਾ ਦਾਇਰਾ ਕੇਵਲ ਇਸ ਦੁਨੀਆਂ ਅਤੇ ਪੋਲਾੜ ਤਕ ਮਹਿਦੂਦ ਹੈ। ਸਾਇੰਟੇਫਿਕ (Adjective) ਅਸੀਂ ਦ੍ਰਿਸ਼ਟੀ ਕੋਣ ਲਈ ਵੀ ਵਰਤ ਸਕਦੇ ਹਾਂ ਜਿਸ ਦਾ ਭਾਵ ਹਰ ਚੀਜ਼ ਦੇ ਗੁਣ ਦੋਸ਼ ਦੇਖਣਾ ਅਤੇ ਤਥ ਤਿਆਰ ਕਰਨਾ ਹੈ। ਪਰ ਪ੍ਰਸ਼ਨ ਇਹ ਉਠਦਾ ਹੈ ਕਿ ਕੀ ਗੁਰੂ ਸਾਹਿਬਾਨ ਨੇ ਬਾਣੀ ਦਾ ਬੋਹਿਥ ਅਧੁਨਿਕ ਸਾਇੰਟੇਫਿਕ ਤਰੀਕੇ ਨਾਲ ਤਿਆਰ ਕੀਤਾ ? ਕੀ ਉਹਨਾਂ ਦੀ ਨਿਰਿ-



www.AKJ.Org

ਖਣ ਕਲਾ (Power of Observation) ਦਾ ਸੋਮਾ ਸੰਸਾਰਕ ਬੁਧੀ ਸੀ ! ਜਾਂ ਸਿਧੀ ਤੋਂ ਪ੍ਰਾਪਤ ਬੁਧੀ ਸੀ । ਕੀ ਉਹਨਾਂ ਦੀਆਂ ਦੇਖਣ ਪਰਖਣ ਵਾਲੀਆਂ ਅਖਾਂ ਵਿਗਿਆਨਕਾਂ ਵਾਲੀਆਂ ਸਨ, ਜਾਂ ਉਹ "ਜਿਨਿ ਡਿਸੰਦੜੋ ਮਾਂ ਪਿਰੀ" ?

ਉਤਰ ਸਪਸ਼ਟ ਹੈ । ਜਿਸ ਸੋਮੇ ਵਿਚੋਂ ਗੁਰਮਤਿ ਸਫੁਰਨ ਹੋਈ ਹੈ ਉਹ ਸੋਮਾਂ ਲੈਬਾਰੇ-ਟਰੀ ਦੀ ਚਾਰ ਦੀਵਾਰੀ ਤੋਂ ਬਾਹਰ ਅਤੇ ਲਾਮਹਿਦੂਦ ਹੈ । ਇਹ ਸੋਮਾ 'ਬਖਸ਼ਦਰ' ਨੌਨਿਧ ਨਾਮ ਅਤੇ 'ਗਰੀਬੀ' ਵਿਚੋਂ ਫੁਟਿਆ । ਗਰੀਬੀ ਕਮੁਨਿਸਟਾਂ ਵਾਲੀ ਨਹੀਂ, 'ਗੁਰਮਤਿ ਰਿਦੈ ਗਰੀਬੀ' ਵਿਚੋਂ । ਇਹ ਸੋਮਾਂ ਉਦੋਂ ਫੁਟਿਆ ਜਦੋਂ ਆਪਾ ਪਰਕਾ ਬਿਲਕੁਲ ਮਿਟ ਗਿਆ ਅਤੇ ਹਰਿ ਜਪ ਹਰਿ ਸੇਤੀ ਰਲਿਆ ਦੀ ਖੇਡ ਗੁਰੂ ਸਾਹਿਬਾਂ ਨੇ ਪਰਤਖ ਵਰਤਾ ਕੇ ਦਿਖਾਈ ।

ਸਾਇੰਸ ਦਾ ਸੋਮਾਂ ਲੇਬਾਰੇਟਰੀ ਹੈ ਜਾਂ ਪਿਛਲੇ ਵਿਗਿਆਨਕਾਂ ਦੇ ਕੱਠੇ ਕੀਤੇ ਕੁਝ ਅਨੁਭਵ ਇਨ੍ਹਾਂ ਨੂੰ ਰੋਸ਼ਨ ਮੁਨਾਰੇ ਸਮਝ ਕੇ ਅਗੇ ਵਧਨ ਦਾ ਯਤਨ ਕੀਤਾ ਜਾਂਦਾ ਹੈ । ਕਈ ਵਾਰੀ ਪਿਛਲੇ ਰੋਸ਼ਨ ਮੁਨਾਰੇ ਢਾਇ ਵੀ ਜਾਂਦੇ ਹਨ ੧੪੦੦ ਸਾਲ ਤਕ ਪੁਰਾਤਨ ਵਿਗਿਆਨਕਾਂ ਨੇ ਲੋਕਾਂ ਨੂੰ ਇਸੇ ਭੁਲੇਖੇ ਪਾਈ ਰਖਿਆ ਕਿ ਜ਼ਮੀਨ ਚਪਟੀ ਹੈ । ਗੈਲੀਲਿਉ ਕੱਲੇ ਨੇ ਹੀ ਕਿਹਾ ਕਿ ਨਹੀਂ ਇਹ ਗੋਲ ਹੈ । ਜਿਸ ਪਰ ਵਿਚਾਰਾ ਫਾਹੇ ਲਾ ਦਿਤਾ ਗਿਆ । ਆ ਹੁਣੇ ਹੁਣੇ ਨਿਉਟਨ ਵਰਗੇ ਵਿਗਿਆਨਕ ਦੀ ਥਿਊਰੀ ਵੀ ਭਾਰਤ ਦੇ ਇਕ ਵਿਗਿਆਨਕ ਨੇ ਗਲਤ ਸਾਬਤ ਕੀਤੀ ਹੈ । ਭਾਵ ਇਹ ਹੈ ਕਿ ਸਾਇੰਸ ਵਿਚ ਅਟਕਲਪਚੂ ਅਨ-ਮਾਨਲਗਾਨ ਦੀ ਬੜੀ ਖੁਲ ਹੈ । ਧਰਤੀ ਕਿਵੇਂ ਬਣੀ ਇਸ ਪ੍ਰਸੰਗ ਨੂੰ ਸੁਣਨ ਵਾਲਾ ਕਈ ਵਾਰੀ ਸੋਚਦਾ ਹੈ ਕਿ ਇਹ ਸਚਾਈ ਭਾਵੇਂ ਕੁਝ ਵੀ ਹੋਵੇ ਪਰ ਇਹ ਹੈ ਬੜੇ ਉਚੇ ਦਰਜੇ ਦੀ ਗਪ । ਅਜ ਤਕ ਜੋ ਕੁਝ ਚੰਦਰਮਾਂ ਜਾਂ ਹੋਰਨਾਂ ਗ੍ਰਿਹਾਂ ਬਾਰੇ ਸਾਨੂੰ ਦਸਿਆ ਗਿਆ ਸੀ ਸਿਵਾਏ ਉਚੇ ਦਰਜੇ ਦੀ ਗਪ ਸ਼ਪ ਤੋਂ ਹੋਰ ਕੁਝ ਵੀ ਨਹੀਂ ਸੀ । ਮੈਜੂਚਾ ਤਬ ਪਿਛਲੇ ਸਾਰੇ ਤਥਾਂ ਨੂੰ ਪਿਛੇ ਛਡ ਗਏ ਹਨ ।

ਪਰ ਆਓ ਜਰਾ ਗੁਰਮਤਿ ਵਲ ਝਾਤ ਮਾਰੀਏ । ਕੌਣ ਹੈ ਜੋ ਗੁਰੂ ਸਾਹਿਬ ਦੇ ਖੋਜੇ ਤਥਾਂ ਨੂੰ ਰੋਸ਼ਨ ਮੁਨਾਰੇ ਵਾਂਗ ਚਮਕਦੇ ਸਚਾਈਆਂ ਨੂੰ ਢਾਹ ਸਕੇ ? ਇਥੇ ਤਾਂ ਉਚੇ ਨੂੰ ਜਾਨਣ ਲਈ ਲੋੜੀਂਦੀ ਯੋਗਤਾ (Qualification ) ਇਹ ਹੈ ।

ਸੰਤਨ ਕੀ ਸੁਣ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖੇ ਆਖੀ ॥
ਏਵਡ ਊਚਾ ਹੋਇ ਕੋਇ ॥
ਤਿਸੁ ਊਚੇ ਕੋ ਜਾਣੈ ਸੋਇ ॥

ਗੁਰੂ ਸਾਹਿਬਾਂ ਨੇ ਜੋ ਦਿਬ ਲੋਇਣਾ ਨਾਲ ਦੇਖਿਆ ਉਹ ਕੁਝ ਬਾਣੀ ਰਾਹੀਂ ਸਾਡੇ ਸਾਹਮਣੇ ਰਖਿਆ ਇਸ ਲਈ ਇਸ਼ਾਰੇ ਕੀਤੇ ਹਨ ।

ਜਾਂ

ਸ਼ਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖੋ ਹਰਿ ਕਰਤਾ ਆਪ ਮੁਹੋਂ ਕਢਾਏ ।

ਗੁਰਮਤਿ ਦਾ ਇਕ ਇਕ ਅਸੂਲ ਇਕ ਬਹੁਮੁਲਾ ਰਤਨ ਪਦਾਰਥ ਲਾਲ ਹੈ, ਇਹ ਸਾਇੰਸ ਦੀਆਂ ਨਿਕੰਮੀਆਂ ਥਿਊਰੀਆਂ ਨਹੀਂ ਹਨ । ਜੋ ਅਜ ਸਚ ਤੇ ਕਲ ਝੂਠ । ਇਥੇ ਤਾਂ ਆਦਿ ਸਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚ ਦਾ ਦਾਵਾ ਹੈ । ਸਾਇੰਸ ਵਾਲੇ ਤਾਂ ਅਜੇ ਸ਼ਕ ਹੀ ਕਰਦੇ ਹਨ ਕਿ ਕੋਈ ਨਾ ਕੋਈ ਤਾਕਤ ਜ਼ਰੂਰ ਹੈ । ਜੋ ਏਨੀ ਵਡੀ ਸ੍ਰਿਸ਼ਟ ਨੂੰ ਕੰਟਰੋਲ ਵਿਚ ਰਖਦੀ ਹੈ ਪਰ ਗੁਰੂ ਸਾਹਿਬ ਜੀ ਨੂੰ ਤਾਂ ਸਭ ਸ੍ਰਿਸ਼ਟ ਸੇਵੇ ਦਿਨ ਰਾਤ ਜੀਉ । ਹੀ ਦਿਸਦੀ ਹੈ, ਉਸ ਸਰਬ ਸ਼ਕਤੀਮਾਨ ਨਾਲ ਓਤ ਪੋਤ ਰਮੀ ਹੋਈ ਅਰਦਾਸ ਕਰਦੀ ਦਿਸ ਰਹੀ ਹੈ ।


www.AKJ.Org

ਸਾਇੰਸ ਦਾ ਦਾਇਰਾ ਤੰਗ ਹੈ । ਭੌਤਕ ਚੀਜ਼ਾਂ ਦਾ ਕੀ ਗੁਣ ਜਾਂ ਸੁਭਾਉ ਲਭਣਾ ਵਿਗਿਆਨਕਾਂ ਦਾ ਉਦੇਸ਼ ਹੁੰਦਾ ਹੈ । ਫਿਰ ਕਈ ਇਕ ਵਿਗਿਆਨਿਕ ਇਹਨਾਂ ਗੁਣਾਂ ਜਾਂ ਸੁਭਾਉ ਦੇ ਅਨੁਕੂਲ ਐਸੀਆਂ ਐਸੀਆਂ ਕਾਢਾਂ ਕਢਦੇ ਹਨ । ਜਿਸ ਨਾਲ ਮਨੁਖ ਜਾਤੀ ਨੂੰ ਵਧ ਤੋਂ ਵਧ ਨੁਕਸਾਨ ਪਹੁੰਚਾਇਆ ਜਾਏ ।

ਪਰ ਗੁਰਮਤਿ ਦੇ ਜਗਆਸੂਆਂ ਦਾ ਨਿਸ਼ਾਨਾ ਜਾਂ ਨਾਮ ਦੀ ਚੜ੍ਹਦੀ ਕਲਾ ਹੈ ਜਾਂ 'ਤੇਰੇ ਭਾਣੇ ਸਰਬਤ ਦਾ ਭਲਾ' ਹੈ । ਇਥੇ ਪੁਜਕੇ ਮਨੁਖ ਮਨੁਖ ਦਾ ਵੈਰ ਭਾਵ ਮਿਟ ਜਾਂਦਾ ਹੈ । ਸਾਇੰਸ ਦੀ ਹਦ ਕੁਦਰਤ ਤਕ ਹੈ, ਗੁਰਮਤਿ ਸ਼ੁਰੂ ਹੀ ਕਾਦਰ ਤੋਂ ਹੁੰਦੀ ਹੈ । ਇਥੇ ਤਾਂ ਜਗਿਆਸੂ ਜਨ :

ਕੀਤੇ ਕੋ ਮੇਰੇ ਸਮਾਨੇ ॥
ਕਰਨਹਾਰ ਤ੍ਰਿਣ ਜਾਨੇ ॥

ਵਾਲੇ ਵਿਗਿਆਨਕਾਂ ਨੂੰ ਅਗਿਆਨੀ ਹੀ ਸਮਝਦੇ ਹਨ ਭਾਵੇਂ ਉਹ ਆਪਣੇ ਨਿਕੇ ਜਿਹੇ ਦਾਇਰੇ ਵਿਚ ਕਛਾਂ ਮਾਰ ਕੇ ਆਪਣੇ ਆਪ ਨੂੰ ਪਏ ਵਡਿਆਉਣ ।

ਇਸ ਲਈ ਗੁਰਮਤਿ ਨੂੰ ਸਾਇੰਟੇਫਿਕ ਆਖਣਾ ਸੂਰਜ ਨੂੰ ਦੀਵਾ ਦਿਖਾਉਣਾ ਹੈ ।

ਕੁਝ ਇਕ ਵਿਦਵਾਨ ਇਸ ਨੂੰ ਸਾਇੰਟੇਫਿਕ ਇਸ ਲਈ ਆਖਦੇ ਹਨ, ਕਿ ਗੁਰਬਾਣੀ ਵਿਚ ਹਰਿ ਵਿਚਾਰ ਬਹੁਤ ਸਾਇੰਟੇਫੀਕਲੀ ਦਿਤਾ ਹੋਇਆ ਹੈ । ਐਵੇਂ ਉਗੜ ਦੁਗੜ ਨਹੀਂ ਗੁਰ ਬਾਣੀ ਵਾਰਤਕ ਲੇਖ ਨਹੀਂ ਜਿਸ ਵਿਚ ਵਿਗਿਆਨਿਕਾਂ ਵਾਂਗ ਲੜੀ ਵਾਰ ਹਰ ਚੀਜ਼ ਬਾਰੇ ਲਿਖਿਆ ਗਿਆ ਹੋਵੇ । ਲੜੀ ਵਾਰ ਵਿਚਾਰਾਂ ਨਾਲ ਭਰਪੂਰ ਦੀ ਮਿਸਾਲ ਸਤਿਆਰਥ ਪ੍ਰਕਾਸ਼ ਹੈ ਜਿਸ ਨੂੰ ਸਾਇੰਟੇਫਿਕ ਤੌਰ ਤੇ ਲਿਖਿਆ ਹੋਇਆ ਆਖਿਆ ਜਾ ਸਕਦਾ ਹੈ ।

ਗੁਰਬਾਣੀ ਕਾਵਿ ਰੂਪ ਵਿਚ ਹੈ । ਹਰ ਸ਼ਬਦਿ ਦਾ ਵਿਸ਼ਾ ਵਖ ਹੈ, ਹਰ ਸ਼ਬਦ ਦੀ ਭੂਮਕਾ ਹੋਰ ਹੈ mood ਹੋਰ ਹੈ । ਸਾਡੇ ਲਈ ਤਾਂ ਇਹ ਅੰਦਾਜ਼ਾ ਲਗਾਉਣਾ ਵੀ ਔਖਾ ਹੈ ਕਿ ਅਮੁਕ ਸ਼ਬਦਿ ਜਾਂ ਬਾਣੀ ਕਿਥੇ । ਕਿਉਂ ਅਤੇ ਕਿਸ ਆਤਮਕ ਅਵਸਥਾ ਵਿਚ ਉਚਾਰਨ ਕੀਤੀ ਗਈ । ਸਾਇੰਟੇਫਿਕ ਦੀ ਸ਼ਰਤ ਪੂਰੀ ਕਰਨ ਦਾ ਇਥੇ ਕਿਸੇ ਨੂੰ ਖਿਆਲ ਹੀ ਨਹੀਂ ਸੀ, ਕਿਉਂਕਿ ਬਾਣੀ ਗਾਉਣ ਤੇ ਲਿਖਣ ਵਾਲੀ ਗੁਰ ਵਿਅਕਤੀ ਅਨੰਤ ਦੀ ਮੌਜ ਵਿਚ ਜੁੜੀ ਹੋਈ ਸੀ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥" ਜਿਉਂ ਜਿਉਂ 'ਖਸਮ ਕੀ ਬਾਣੀ' ਆਈ ਜਾਂਦੀ 'ਬੋਹਥਾ' ਤਿਆਰ ਹੁੰਦਾ ਗਿਆ । ਅੰਨਤ ਦੀ ਮੌਜ ਵਿਚ ਸਾਇੰਟੇਫਿਕ ਤਰਤੀਬਾਂ ਕਿਥੇ । ਤਰਤੀਬਾਂ ਕੇਵਲ ( intellect ) ਬੁਧੀ ਦੀ ਚਤੁਰਾਈ ਹੈ । ਮੌਜ ਵਿਚ ਚਤਰਾਈ ਨਹੀਂ— ਇਸ ਦਾਇਰੇ ਵਿਚ ਸੰਸਾਰਿਕ ਬੁਧੀ ਤੇ ਚਤਰਾਈ ਲਈ ਕੋਈ ਥਾਂ ਨਹੀਂ । ਇਹ ਤਾਂ ਸਾਇੰਟੇਫਿਕ ਗਿਆਨ ਦੀ ਹਦ ਤਕ ਹੀ ਰਹਿੰਦੀਆਂ ਹਨ ਗੁਰਮਤਿ ਉਚੀ ਹੈ, ਇਸ ਦਾ ਸੋਮਾਂ ਅਕਾਲ ਪੁਰਖ ਦੀ ਮੌਜ ਹੈ । ਇਸ ਲਈ ਸਾਇੰਟੇਫਿਕ ਨਹੀਂ ।



www.AKJ.Org

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

# * ਅਖੰਡ ਕੀਰਤਨ ਸਮਾਗਮ *

## ਜੰਮੂ (ਡਿਗਿਆਨਾ)

ਮਿਲਿ ਰਹੀਐ ਪ੍ਰਭ ਸਾਧ ਜਨਾ, ਮਿਲਿ ਹਰਿ ਕੀਰਤਨ ਸੁਨੀਐ ਰਾਮ।
ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਵਨ ਸੁਨਾਵਨਾ ॥

ਸਮੂਹ ਸੰਗਤਾਂ ਇਹ ਜਾਣ ਕੇ ਅਤਿਅੰਤ ਪ੍ਰਸੰਨ ਹੋਣਗੀਆਂ ਕਿ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜਥੇ ੮, ੯, ੧੦ ਸਤੰਬਰ ੧੯੬੬ ਦਿਨ ਵੀਰਵਾਰ ਸ਼ੁਕਰਵਾਰ ਅਤੇ ਸ਼ਨੀਵਾਰ ਨੂੰ ਜੰਮੂ (ਡਿਗਿਆਨਾ) ਨਜ਼ਦੀਕ ਸ੍ਰੀ ਸੰਤ ਮੇਲਾ ਸਿੰਘ ਜੀ ਟੈਕਨੀਕਲ ਆਸ਼੍ਰਮ ਵਿਖੇ ਹੇਠਾਂ ਲਿਖੇ ਪਰੋਗਰਾਮ ਅਨੁਸਾਰ ਪੁਜ ਰਹੇ ਹਨ। ਨਾਲ ਹੀ ਅੰਮ੍ਰਿਤ ਸੰਚਾਰ ਭੀ ਹੋ ਰਿਹਾ ਹੈ। ਸੰਮੂਹ ਸੰਗਤਾਂ ਇਸ ਸਮਾਗਮ ਵਿਖੇ ਹੁਮ ਹੁਮਾ ਕੇ ਪੁਜਨ ਦੀ ਕਿਰਪਾਲਤਾ ਕਰਨ। ਅੰਮ੍ਰਿਤ ਅਭਿਲਾਖੀ ਸ਼ਸਤਰ ਬਸਤਰ ਸਜਾ ਕੇ ਪੁਜਨ।

## * ਪਰੋਗਰਾਮ *

੮-੯-੬੬ ਨੂੰ : ਕੀਰਤਨ ਆਸਾ ਦੀ ਵਾਰ ੫ ਤੋਂ ੮ ਵਜੇ ਤਕ ਉਪਰੰਤ ਆਰੰਭ ਸ੍ਰੀ ਅਖੰਡਪਾਠ ਸਾਹਿਬ
੯-੯-੬੬ ਨੂੰ : ਸ੍ਰੀ ਅਖੰਡ ਪਾਠ।
੧੦-੯-੬੬ ਨੂੰ : ਭੋਗ ਸ੍ਰੀ ਅਖੰਡਪਾਠ ੪ ਬਜੇ ਸਵੇਰੇ ਉਪਰੰਤ ਕੀਰਤਨ ਸ੍ਰੀ ਆਸਾ ਦੀ ਵਾਰ ੧੨ ਬਜੇ ਤਕ। ਰੈਣ ਸਬਾਈ ਕੀਰਤਨ ੮ ਬਜੇ ਸ਼ਾਮ।

ਨੋਟ :- ੮ ਅਤੇ ੯ ਸਤੰਬਰ ਦਾ ਸਵੇਰੇ ਸ਼ਾਮ ਦਾ ਕੀਰਤਨ ਪਰੋਗ੍ਰਾਮ ਬਾਅਦ ਵਿਚ ਕੀਤਾ ਜਾਵੇਗਾ।

ਪ੍ਰਾਰਥਕ :-

**ਅਖੰਡ ਕੀਰਤਨੀ ਜੱਥਾ ਜੰਮੂ**



www.AKJ.Org

(ਬਾਕੀ ਸਫਾ ੬ ਦੀ)

ਬਰਾਹਮਣ-ਖਤਰੀ ਵੈਸ਼ ਤੇ ਸੂਦਰ ਦਾ ਕੰਮ ਕਰੇਗਾ ਤੁਸੀਂ ਪਰਤਖ ਵੇਖਦੇ ਹੋ। ਜੋ ਸਚਾ ਸਿਖ ਹੈ। ਉਹ ਅੰਮ੍ਰਿਤ ਵੇਲੇ ਉਠੇਗਾ। ਵਾਹਿਗੁਰੂ ਦੀ ਭਗਤੀ ਵਿਚ ਲੀਨ ਹੋਇਆ। ਉਹ ਬਰਾਹਮਣ ਦੀ ਡਿਊਟੀ ਦੇ ਰਿਹਾ ਹੋਵੇਗਾ। ਉਸ ਤੋਂ ਪਿਛੋਂ ਉਹ ਗੁਰੂ ਕਾ ਸਿਖ ਸਾਧ ਸੰਗਤ ਦੀ ਹਾਜ਼ਰੀ ਭਰੇਗਾ। ਲਖਾਂ ਪਤੀ ਹੁੰਦਾ ਹੋਇਆ ਵੀ ਸੰਗਤਾਂ ਦੇ ਜੂਠੇ ਭਾਂਡੇ ਮਾਂਜੇਗਾ। ਝਾੜੂ ਦੇਵੇਗਾ। ਜੋੜੇ ਸਾਫ ਕਰੇਗਾ। ਉਸ ਵਕਤ ਉਹ ਸਿਖ ਸੂਦਰ ਦਾ ਕੰਮ ਕਰਦਾ ਨਜ਼ਰ ਆਵੇਗਾ। ਫਿਰ ਉਹੋ ਸਿਖ। ਆਪਣੇ ਕੰਮ ਕਾਰ, ਦੁਕਾਨਦਾਰੀ, ਨੌਕਰੀ ਜਾਂ ਖੇਤੀ ਬਾੜੀ ਦੇ ਕੰਮ ਨੂੰ ਜਾਵੇਗਾ। ਉਸ ਵਕਤ ਉਹ ਵੈਸ਼ ਦੇ ਫਰਜ਼ ਅਦਾ ਕਰਦਾ ਨਜ਼ਰ ਆਵੇਗਾ ਪਰ ਜਦੋਂ ਕੌਮ, ਮੁਲਕ ਜਾਂ ਮਜ਼ਲੂਮਾਂ ਤੇ ਮੁਸੀਬਤ ਆਵੇਗੀ ਉਹੋ ਸਿਖ ਖਤਰੀ ਦੀ ਡੀਊਟੀ ਦੇਂਦਾ ਜਾਨ ਤਕ ਵਾਰ ਦੇਵੇਗਾ।

—o—

## * ਪ੍ਰਗਟੀ ਜੋਤ ਮਿਲੇ ਰਾਮ ਪਿਆਰੇ *

ਇਸ ਟਰੈਕਟ ਨੂੰ ਛਾਪਨ ਦਾ ਵਿਚਾਰ ਹੈ ਇਸ ਟਰੈਕਟ ਦੀਆਂ ੧੦੦ ਕਾਪੀਆਂ ਦੀ ਛਪਾਈ ਦੀ ਸੇਵਾ ਬਾਬਾ ਅਤਰ ਸਿੰਘ ਜੀ ਜੋਧ ਪੁਰ ਨਿਵਾਸੀ ਲੈਂਦੇ ਹਨ ਤੇ ਜਿਨ੍ਹਾਂ ਹੋਰ ਵੀਰਾਂ ਨੇ ਇਸ ਟਰੈਕਟ ਦੀ ਛਪਾਈ ਦੀ ਸੇਵਾ ਲੈਣੀ ਹੋਵੇ ਉਹ ਵੀਰ ਛੇਤੀ ਤੋਂ ਛੇਤੀ ਨਾਉਂ ਸਾਨੂੰ ਭੇਜ ਦੇਣ ਤਾਂ ਕਿ ਇਹ ਟਰੈਕਟ ਵਧ ਤੋਂ ਵਧ ਛਾਪਿਆ ਜਾ ਸਕੇ।

ਮੈਨੇਜਰ "ਸੂਰਾ"
594/3 ਖਾਲਸਾ ਮਹਲਾ, ਪਟਿਆਲਾ।

## * ਬੇਨਤੀ *

ਜਿਨ੍ਹਾਂ ਵੀਰਾਂ ਨੂੰ ਨਮੂਨੇ ਵਜੋਂ ਮਾਸਕ ਪੱਤਰ 'ਸੂਰਾ' ਭੇਜਿਆ ਜਾ ਰਿਹਾ ਹੈ ਉਹਨਾਂ ਦੇ ਚਰਨਾ ਵਿਖੇ ਨਿਮਰਤਾ ਸਾਹਿਤ ਬੇਨਤੀ ਹੈ ਕਿ ਆਪਣਾ ਸਾਲਾਨਾ ਚੰਦਾ ਪੰਜ ਰੁਪੈ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ।

—ਮੈਨੇਜਰ



www.AKJ.Org

"SURA" Monthly 5 Sept., 1966 Regd. No. P 119

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | |
|---|---|---|
| ੧. | ਜੇਲ੍ਹ ਚਿੱਠੀਆਂ | ੫.੦੦ |
| ੨. | ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩ | ਗੁਰਮਤ ਲੇਖ | ੨.੫੦ |
| ੪. | ਗੁਰਮਤ ਬਿਬੇਕ | ੩.੦੦ |
| ੫. | ਸੱਚਖੰਡ ਦਰਸ਼ਨ | ੦.੭੫ |
| ੬. | ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. | ਚਰਨ ਕਮਲ ਕੀ ਮਉਜ | ੦.੮੮ |
| ੮. | ਅਣਡਿਠੀ ਦੁਨੀਆਂ | ੩.੫੦ |
| ੯. | ਕਰਮ ਫਿਲਾਸਫੀ | ... |
| ੧੦. | ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧ | ਗੁਰਮਤ ਸਚ ਨਿਰਣੈ | ... |
| ੧੨. | ਅੰਮ੍ਰਿਤ ਕਲਾ | ੦.੪੦ |
| ੧੩. | ਅੰਮ੍ਰਿਤ ਕੀ ਹੈ ? | ੦.੩੦ |
| ੧੪. | ਸੁਪਨਾ | ... |
| ੧੫. | ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. | ਗਯਾਨ ਚਾਨਣਾ | ... |
| ੧੭, | ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. | ਦਰਸ਼ਨ ਝਲਕਾਂ (ਕਵਿਤਾ) | ... |
| ੧੯. | ਜੋਤਿ ਵਿਗਾਸ (ਕਵਿਤਾ) | ... |
| ੨੦. | ਕਥਾ ਕੀਰਤਨ | ੨.੦੦ |
| ੨੧. | ਰੰਗਲੇ ਸਜਣ | ੨.੫੦ |
| ੨੨. | ਸਿੱਖ ਕੌਣ ਹੈ ? | ੦.੧੫ |
| ੨੩. | ਆਸਤਕ ਨਾਸਤਕ | ੦.੧੨ |
| ੨੪. | ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. | ਸਚੀਆਂ ਦਾਹੜੀਆਂ | ੦.੧੨ |
| ੨੬. | ਸੰਤ ਪਦ ਨਿਰਣੈ | ੨.੨੫ |
| ੨੭. | ਗੁਰਮਤ ਰਮਜ਼ਾਂ | ੦.੬੨ |
| ੨੮. | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | |
| ੨੯. | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. | ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. | ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. | ਵਾਹਿਗੁਰੂ ਸਿਮਰਣ | |
| ੩੩. | ਗੁਰਮਤ ਪ੍ਰਕਾਸ਼ | ੧.੫੦ |
| ੩੪. | ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. | ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦.੩੦ |
| ੩੬. | ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. | ਗੁਰਮਤ ਵੀਚਾਰ | ੦.੮੦ |
| ੩੮. | ਨਾਮ ਦਾ ਦਾਤਾ ਸਤਿਗੁਰ | ੦.੭੫ |

## ਮਾਸਕ ਪੱਤਰ ਸੂਰਾ ਪਟਿਆਲਾ
## ਦਾ ਸਾਲਾਨਾ ਚੰਦਾ

| | |
|---|---|
| ਦੇਸ਼ | ੫.੦੦ |
| ਪ੍ਰਦੇਸ | ੭.੦੦ |
| ਇਕ ਪਰਚਾ | ੦.੫੦ |

—ਮੈਨੇਜਰ

ਚੀਫ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ੫੬੪-ੲ, ਖਾਲਸਾ ਮਹੱਲਾ, ਪਟਿਆਲਾ ਤੋਂ ੫ ਸਤੰਬਰ ੧੯੬੬ ਨੂੰ ਪ੍ਰਕਾਸ਼ਕ ਕੀਤਾ ।

www.AKJ.Org